# ਗਣਿਤ ਦਾ ਜਾਦੂ

## (ਚੌਥੀ ਸ਼੍ਰੇਣੀ ਲਈ)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਪਹਿਲਾ ਐਡੀਸ਼ਨ : 2014

© ਪੰਜਾਬ ਸਰਕਾਰ

ਰਿਵਾਈਜ਼ਡ ਐਡੀਸ਼ਨ : 2016............2,22,500 ਕਾਪੀਆਂ

[This book has been adopted with the kind permission of the
National Council of Educational Research and Training, New Delhi]

All rights, including those of translation, reproduction
and annotation etc., are reserved by the
Punjab Government

ਅਨੁਵਾਦਕ : ਸ਼੍ਰੀਮਤੀ ਹਰਿੰਦਰ ਕੌਰ
ਸ. ਐਲੀਮੈਂਟਰੀ ਸਕੂਲ ਪਵਾਲਾ
(ਫਤਿਹਗੜ੍ਹ ਸਾਹਿਬ)

ਸੰਯੋਜਕ : ਪ੍ਰਿਤਪਾਲ ਸਿੰਘ ਕਥੂਰੀਆ
ਵਿਸ਼ਾ ਮਾਹਿਰ
ਪੰਜਾਬ ਸਕੂਲ ਸਿੱਖਿਆ ਬੋਰਡ
: ਪ੍ਰੋਜੈਕਟ ਅਫ਼ਸਰ,ਪ੍ਰੀਤੀ ਪੁਰੀ
ਪੰਜਾਬ ਸਕੂਲ ਸਿੱਖਿਆ ਬੋਰਡ

ਚਿੱਤਰਕਾਰ : ਮਨਜੀਤ ਸਿੰਘ ਢਿੱਲੋਂ

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਰਬ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਐਸ. ਦਿਨੇਸ਼ ਐਂਡ ਕੰਪਨੀ ਡੀ-168 ਫੋਕਲ ਪੁਆਇੰਟ ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਸੋਧਣ ਅਤੇ ਤਿਆਰ ਕਰਨ ਦੇ ਕੰਮ ਵਿੱਚ ਜੁਟਿਆ ਹੋਇਆ ਹੈ। ਅੱਜ ਜਿਸ ਦੌਰ ਵਿੱਚੋਂ ਅਸੀਂ ਲੰਘ ਰਹੇ ਹਾਂ ਉਸ ਵਿੱਚ ਬੱਚਿਆਂ ਨੂੰ ਸਹੀ ਵਿੱਦਿਆ ਦੇਣਾ ਮਾਪਿਆਂ ਅਤੇ ਅਧਿਆਪਕਾਂ ਦੋਹਾਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ। ਇਸੇ ਜ਼ਿੰਮੇਵਾਰੀ ਅਤੇ ਵਿੱਦਿਅਕ ਜ਼ਰੂਰਤਾਂ ਨੂੰ ਸਮਝਦਿਆਂ ਹੋਇਆਂ ਗਣਿਤ ਵਿਸ਼ੇ ਦੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਵਿੱਚ ਨੈਸ਼ਨਲ ਕਰੀਕੁਲਮ ਫਰੇਮਵਰਕ-2005 ਅਨੁਸਾਰ ਕੁਝ ਮਹੱਤਵਪੂਰਨ ਪਰਿਵਰਤਨ ਕੀਤੇ ਜਾ ਰਹੇ ਹਨ।

ਸਕੂਲ ਕਰੀਕੁਲਮ ਵਿੱਚ ਗਣਿਤ ਵਿਸ਼ੇ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਲੋੜੀਂਦੇ ਸਿੱਖਿਅਕ ਨਤੀਜੇ ਪ੍ਰਾਪਤ ਕਰਨ ਲਈ ਚੰਗੀ ਪਾਠ-ਪੁਸਤਕ ਦਾ ਹੋਣਾ ਪਹਿਲੀ ਜ਼ਰੂਰਤ ਹੈ। ਇਸ ਲਈ ਇਸ ਪਾਠ-ਪੁਸਤਕ ਵਿੱਚ ਵਿਸ਼ਾ ਸਾਮੱਗਰੀ ਨੂੰ ਇਸ ਤਰ੍ਹਾਂ ਸਥਾਪਿਤ ਕੀਤਾ ਗਿਆ ਹੈ ਜਿਸ ਨਾਲ ਵਿਦਿਆਰਥੀਆਂ ਦੀ ਤਰਕ ਸ਼ਕਤੀ ਪ੍ਰਫੁਲਿਤ ਹੋਣ ਦੇ ਨਾਲ-ਨਾਲ ਵਿਸ਼ੇ ਨੂੰ ਸਮਝਣ ਦੀ ਯੋਗਤਾ ਵਿੱਚ ਵੀ ਵਾਧਾ ਹੋਵੇਗਾ। ਅਭਿਆਸਾਂ ਦੇ ਪ੍ਰਸ਼ਨ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦੇ ਅਨੁਸਾਰ ਤਿਆਰ ਕੀਤੇ ਗਏ ਹਨ। ਇਹ ਪੁਸਤਕ ਰਾਸ਼ਟਰੀ ਵਿੱਦਿਆ ਖੋਜ ਅਤੇ ਸਿਖਲਾਈ ਸੰਸਥਾ ਵੱਲੋਂ **ਚੌਥੀ ਸ਼੍ਰੇਣੀ ਲਈ** ਤਿਆਰ ਕੀਤੀ ਗਈ ਗਣਿਤ ਵਿਸ਼ੇ ਦੀ ਪੁਸਤਕ ਦੀ ਅਨੁਸਾਰਤਾ ਕਰਦੀ ਹੈ। ਇਹ ਪੁਸਤਕ ਐਨ.ਸੀ.ਈ.ਆਰ.ਟੀ ਤੋਂ ਪ੍ਰਵਾਨਗੀ ਲੈਣ ਉਪਰੰਤ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ।

ਇਸ ਪਾਠ-ਪੁਸਤਕ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਲਈ ਵੱਧ ਤੋਂ ਵੱਧ ਉਪਯੋਗੀ ਬਣਾਉਣ ਦਾ ਭਰਪੂਰ ਯਤਨ ਕੀਤਾ ਗਿਆ ਹੈ। ਫਿਰ ਵੀ, ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ

**ਪੰਜਾਬ ਸਕੂਲ ਸਿੱਖਿਆ ਬੋਰਡ**

## NCERT ਦੀ ਪਾਠ-ਪੁਸਤਕ ਤਿਆਰ ਕਰਨ ਵਾਲੀ ਕਮੇਟੀ

ਚੇਅਰਪਰਸਨ – ਪ੍ਰਾਇਮਰੀ ਪੱਧਰ ਤੇ ਪਾਠ–ਪੁਸਤਕਾਂ ਤਿਆਰ ਕਰਨ ਵਾਲੀ ਸਲਾਹਕਾਰ ਕਮੇਟੀ
ਅਨੀਤਾ ਰਾਮਪਾਲ, ਪ੍ਰੋਫੈਸਰ, ਸਿੱਖਿਆ ਵਿਭਾਗ ਦਿੱਲੀ ਯੂਨੀਵਰਸਿਟੀ।

ਮੁੱਖ ਸਲਾਹਕਾਰ – ਅਮਿਤਾਭ ਮੁਖਰਜੀ, ਡਾਇਰੈਕਟਰ, ਸੀ ਐੱਸ.ਈ.ਸ਼ੀ., ਦਿੱਲੀ ਯੂਨਿਵਰਸਿਟੀ, ਨਵੀਂ ਦਿੱਲੀ।

ਮੈਂਬਰ – ਅਨੀਤਾ ਰਾਮਪਾਲ, ਪ੍ਰੋਫੈਸਰ, ਸਿੱਖਿਆ ਵਿਭਾਗ, ਦਿੱਲੀ ਯੂਨਿਵਰਸਿਟੀ, ਨਵੀਂ ਦਿੱਲੀ।
ਆਸ਼ਾ ਕਾਲਾ, ਪ੍ਰਾਇਮਰੀ ਅਧਿਆਪਿਕਾ, ਦਿੱਲੀ ਨਗਰ ਨਿਗਮ ਸਕੂਲ, ਕ੍ਰਿਸ਼ੀ ਵਿਹਾਰ, ਜੀ. ਕੇ.-1, ਨਵੀਂ ਦਿੱਲੀ।
ਅਸਮਿਤਾ ਵਰਮਾ, ਪ੍ਰਾਇਮਰੀ ਅਧਿਆਪਿਕਾ, ਨਵਯੁਗ ਸਕੂਲ, ਲੋਧੀ ਰੋਡ, ਨਵੀ ਦਿਲੀ ਭਾਵਨਾ, ਲੈਕਚਰਰ, ਪ੍ਰਾਇਮਰੀ ਸਿੱਖਿਆ ਵਿਭਾਗ, ਗਾਰਗੀ ਕਾਲਜ, ਨਵੀਂ ਦਿੱਲੀ।
ਧਰਮ ਪ੍ਰਕਾਸ਼, ਪ੍ਰੋਫੈਸਰ, ਸੀ ਆਈ.ਈ.ਟੀ., ਐਨ.ਸੀ.ਈ.ਆਰ.ਟੀ., ਵੀਂ ਦਿੱਲੀ
ਹੇਮਾ ਬਤਰਾ, ਪ੍ਰਾਇਮਰੀ ਅਧਿਆਪਿਕਾ, ਸੀ ਆਰ.ਪੀ.ਏਫ ਬਲਿਕ ਸਕੂਲ, ਰੋਹਿਣੀ, ਦਿੱਲੀ।
ਜਿਓਤੀ ਸੇਠੀ, ਪ੍ਰਾਇਮਰੀ ਅਧਿਆਪਿਕਾ, ਸੀ.ਆਰ.ਪੀ.ਏਫ ਪਬਲਿਕ ਸਕੂਲ, ਰੋਹਿਣੀ, ਦਿੱਲੀ।
ਕਨਿਕਾ ਸ਼ਰਮਾ, ਪ੍ਰਾਇਮਰੀ ਅਧਿਆਪਿਕਾ, ਕੁਲਾਚੀ ਹੰਸਰਾਜ ਮਾਡਲ ਸਕੂਲ, ਅਸ਼ੋਕ ਵਿਹਾਰ, ਦਿੱਲੀ
ਪ੍ਰਕਾਸ਼ਨ ਵੀ. ਕੇ.ਲੈਕਚਰਰ, ਡੀ. ਆਈ.ਈ.ਟੀ. ਮੱਲਪੁਰਮ, ਤਿਰੂਰ, ਕੇਰਲ।
ਪ੍ਰੀਤੀ ਚੱਡਾ ਸਾਧ, ਪ੍ਰਾਇਮਰੀ ਅਧਿਆਪਿਕਾ, ਬੇਸਿਕ ਸਕੂਲ, ਸੀ.ਆਈ.ਈ. ਦਿੱਲੀ ਯੂਨਿਵਰਸਿਟੀ, ਦਿੱਲੀ
ਸੁਨੀਤਾ ਮਿਸ਼ਰਾ, ਪ੍ਰਾਇਮਰੀ ਅਧਿਆਪਿਕਾ, ਨਗਰ ਪਾਲਿਕਾ ਪ੍ਰਾਇਮਰੀ ਸਕੂਲ, ਸਰੋਜਿਨੀ ਨਗਰ, ਨਵੀਂ ਦਿੱਲੀ।

ਹਿੰਦੀ ਅਨੁਵਾਦ – ਮੰਜੁਲਾ ਮਾਥੁਰ, ਸੀ ਆਈ.ਈ.ਟੀ., ਐਨ.ਸੀ.ਈ.ਆਰ.ਟੀ., ਨਵੀਂ ਦਿੱਲੀ।
ਪ੍ਰਦੀਪ ਜੈਨ, ਮੁੱਖ ਅਧਿਆਪਕ, ਮਾਡਰਨ ਸਕੂਲ, ਬਾਰਾਖੰਬਾ ਰੋਡ, ਨਵੀਂ ਦਿੱਲੀ।

ਮੈਂਬਰ ਸੰਯੋਜਕ – ਇੰਦਰ ਕੁਮਾਰ ਬੰਸਲ, ਪ੍ਰੋਫੈਸਰ, ਪ੍ਰਾਇਮਰੀ ਸਿੱਖਿਆ ਵਿਭਾਗ, ਐਨ.ਸੀ.ਈ.ਆਰ.ਟੀ. ਨਵੀਂ ਦਿੱਲੀ।

**ਚਿੱਤਰ ਅਤੇ ਡਿਜ਼ਾਈਨ ਟੀਮ**

ਸ਼੍ਰੀ ਵੀ ਕਲਿਆਣ, ਹਾਵਾਰਡ ਯੂਨੀਵਰਸਿਟੀ, ਸੰਗਤ ਗੁਹਾ, ਦ
ਸੁਜਨ ਸਕੂਲ ਮਾਡਲ ਟਾਊਨ, ਦਿੱਲੀ।
ਐੱਸ ਨਿਵੇਦਿਤਾ, ਚੇਨੰਈ
ਅਨੀਤਾ ਵਰਮਾ, ਬੈਂਕਾਕ
ਸੁਜਸ਼ਾ ਦਾਸ ਗੁਪਤਾ, ਗੁੜਗਾਓ
ਅਰੂਪ ਗੁਪਤਾ, ਨਵੀਂ ਦਿੱਲੀ
ਨੈਂਸੀ ਰਾਜ, ਨਵੀਂ ਦਿੱਲੀ

**ਨੋਟ** : ਇਸ ਪੁਸਤਕ ਵਿੱਚ * 'ਤੇ ਦਰਸਾਈ ਗਈ ਪਾਠ ਸਾਮੱਗਰੀ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕੇਵਲ ਪੰਜਾਬ ਰਾਜ ਦੇ ਵਿਦਿਆਰਥੀਆਂ ਲਈ ਸ਼ਾਮਿਲ/ਤਬਦੀਲ ਕੀਤੀ ਗਈ ਹੈ।

## ਗਣਿਤ ਦਾ ਜਾਦੂ

# ਇਸ ਪੁਸਤਕ ਦੇ ਅੰਦਰ ਕੀ ਹੈ ?


1. ਇੱਟਾਂ ਨਾਲ ਬਣੀ ਇਮਾਰਤ 1

2. ਲੰਬਾ ਅਤੇ ਛੋਟਾ 13

3. ਭੋਪਾਲ ਦੀ ਸੈਰ 23

4. ਟਿੱਕ-ਟਿੱਕ-ਟਿੱਕ 35

5. ਦੁਨੀਆਂ ਕੁੱਝ ਅਜਿਹੀ ਦਿੱਖਦੀ ਹੈ 52

6. ਕਬਾੜੀਵਾਲੀ 60

7. ਜੱਗ ਅਤੇ ਮੱਗ 69

8. ਗੱਡੀਆਂ ਅਤੇ ਪਹੀਏ 81

9. ਅੱਧਾ ਅਤੇ ਚੌਥਾ ਹਿੱਸਾ 94

10. ਪੈਟਰਨ (ਨਮੂਨੇ) 107

11. ਪਹਾੜੇ ਅਤੇ ਬਟਵਾਰੇ 120

12. ਕਿੰਨਾ ਭਾਰੀ ? ਕਿੰਨਾ ਹਲਕਾ ? 133

13. ਖੇਤ ਅਤੇ ਵਾੜ 149

14. ਸਮਾਰਟ ਚਾਰਟ 162

# 1 ਇੱਟਾਂ ਨਾਲ ਬਣੀ ਇਮਾਰਤ

### ਜਾਗ੍ਰਿਤੀ ਸਕੂਲ ਵਿੱਚ ਇੱਟਾਂ ਦਾ ਪੈਟਰਨ


ਇਹ ਮੁਰਸ਼ੀਦਾਬਾਦ, ਪੱਛਮ ਬੰਗਾਲ ਦੇ ਜਾਗ੍ਰਿਤੀ ਸਕੂਲ ਦੀ ਸੱਚੀ ਕਹਾਣੀ ਹੈ। ਜਦੋਂ ਇਸ ਦੀ ਇਮਾਰਤ ਬਣਾਈ ਜਾ ਰਹੀ ਸੀ, ਉਸ ਸਮੇਂ ਦੀਵਾਰਾਂ ਅਤੇ ਫਰਸ਼ ਉੱਤੇ ਇੱਟਾਂ ਦੇ ਪੈਟਰਨ ਬਨਾਉਣ ਦੀ ਯੋਜਨਾ ਸੀ। ਜਮਾਲ, ਕਾਲੂ ਅਤੇ ਪਿਆਰ ਨਾਂ ਦੇ ਰਾਜ ਮਿਸਤਰੀਆਂ ਨੇ ਇਹ ਕੰਮ ਪੂਰਾ ਕਰਨਾ ਸੀ। ਉਹ ਸਕੂਲ ਦੀ ਇਸ ਇਮਾਰਤ ਲਈ ਕੁੱਝ ਨਵਾਂ ਕਰਨਾ ਚਾਹੁੰਦੇ ਸੀ। ਇਸ ਲਈ ਉਹ ਆਪਣੇ ਦੋਸਤਾਂ ਦੇ ਨਾਲ ਮੁਰਸ਼ੀਦ ਕੁਲੀ ਖ਼ਾਨ ਦਾ ਪੁਰਾਣਾ ਮਕਬਰਾ ਵੇਖਣ ਗਏ। (ਚਿੱਤਰ ਵੇਖੋ)



ਇਸ ਇਮਾਰਤ ਵਿੱਚ ਲਗਭਗ ਦੋ ਹਜ਼ਾਰ ਸੁੰਦਰ-ਸੁੰਦਰ ਇੱਟਾਂ ਦੇ ਪੈਟਰਨ ਨਾਲ ਬਣਿਆ ਹੋਇਆ ਵੱਡਾ ਸਾਰਾ ਫਰਸ਼ ਹੈ। ਇਹਨਾਂ ਨੂੰ ਲਗਭਗ 300 ਸਾਲ ਪਹਿਲਾਂ ਦੇ ਮਿਸਤਰੀਆਂ ਨੇ ਬਣਾਇਆ ਸੀ।






ਧਿਆਨ ਨਾਲ ਵੇਖੋ ਕਿ ਪੰਜ ਫਰਸ਼ ਪੈਟਰਨਾਂ ਵਿੱਚ ਇੱਟਾਂ ਕਿਸ ਤਰ੍ਹਾਂ ਸਜਾਈਆਂ ਗਈਆਂ ਹਨ।





ਤੁਹਾਨੂੰ ਕਿਹੜਾ ਫਰਸ਼ ਪੈਟਰਨ ਸਭ ਤੋਂ ਚੰਗਾ ਲੱਗ ਰਿਹਾ ਹੈ ? ____________


ਕੀ ਤੁਸੀਂ ਇਸ ਤਰ੍ਹਾਂ ਦੇ ਪੈਟਰਨ ਕਿਧਰੇ ਦੇਖੇ ਹਨ ?

ਸਾਰੇ ਮਿਸਤਰੀ ਜੋਸ਼ ਦੇ ਨਾਲ ਵਾਪਸ ਆਏ। ਜਮਾਲ ਨੇ ਕਿਹਾ-ਉਹਨਾਂ ਦਿਨਾਂ ਵਿੱਚ ਇੱਟਾਂ ਦੇ ਕਿੰਨੇ ਸੁੰਦਰ ਪੈਟਰਨ ਬਣਾਏ ਜਾਂਦੇ ਸੀ। ਅਸੀਂ ਤਾਂ ਇਹਨਾਂ ਨੂੰ ਭੁਲਾ ਹੀ ਦਿੱਤਾ ਸੀ। ਚਲੋ ਅਸੀਂ ਵੀ ਇਸ ਸਕੂਲ ਦੇ ਫਰਸ਼ ਤੇ ਨਵੇਂ-ਨਵੇਂ ਪੈਟਰਨ ਬਣਾਈਏ।



ਹਰ ਮਿਸਤਰੀ ਨੇ ਅੱਡ-ਅੱਡ (ਵੱਖਰੇ-ਵੱਖਰੇ) ਪੈਟਰਨ ਬਣਾਏ। ਸਕੂਲ ਨੂੰ ਆਪਣੀ ਇਸ ਸੁੰਦਰ ਇਮਾਰਤ 'ਤੇ ਮਾਣ ਮਹਿਸੂਸ ਹੁੰਦਾ ਹੈ। ਹੁਣ ਬੱਚੇ ਉਸ ਫਰਸ਼ 'ਤੇ ਖੇਡਦੇ ਅਤੇ ਗਾਉਂਦੇ ਹਨ ਅਤੇ ਨਵੇਂ-ਨਵੇਂ ਪੈਟਰਨ ਆਪ ਵੀ ਬਣਾਉਂਦੇ ਹਨ।








- ਕਿਹੜਾ ਪੈਟਰਨ ਚੱਕਰ ਦੇ ਆਕਾਰ ਵਿੱਚ ਹੈ ?
- ਤੁਸੀਂ ਕਿਹੜੇ ਪੈਟਰਨ ਨੂੰ ਸ਼ੀਸ਼ੇ ਵਿੱਚ ਇੱਕ ਸਮਾਨ (ਇੱਕੋ ਜਿਹੇ) ਦਿਖਣ ਵਾਲੇ ਦੋ ਹਿੱਸਿਆਂ ਵਿੱਚ ਵੰਡ ਸਕਦੇ ਹੋ ?
- ਹੁਣ ਤੁਸੀਂ ਫਰਸ਼ 'ਤੇ ਕੁੱਝ ਨਵੇਂ ਪੈਟਰਨ ਬਣਾਓ।

ਨੋਟ :— ਵਿਦਿਆਰਥੀ ਆਪਣੇ ਆਲੇ-ਦੁਆਲੇ ਧਾਰਮਿਕ ਸਥਾਨਾਂ ਵਿੱਚ ਅਜਿਹੇ ਪੈਟਰਨ ਲੱਭ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੇ ਸਕੂਲ ਦੇ ਰਸਤੇ ਜਾਂ ਕਿਆਰੀ ਵਿੱਚ ਅਜਿਹਾ ਪੈਟਰਨ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ।

## ਇੱਟ ਦਾ ਚਿੱਤਰ ਕਿਵੇਂ ਬਣਾਈਏ ?


ਇੱਥੇ ਇੱਕ ਹੀ ਇੱਟ ਦੇ ਦੋ ਚਿੱਤਰ ਦਿੱਤੇ ਗਏ ਹਨ।






ਇੱਕ ਚਿੱਤਰ ਵਿੱਚ ਅਸੀਂ ਇੱਟ ਦੀ ਇੱਕ ਹੀ ਸਤ੍ਹਾ (ਪਾਸਾ) ਵੇਖ ਸਕਦੇ ਹਾਂ। ਦੂਸਰੇ ਚਿੱਤਰ ਵਿੱਚ ਤਿੰਨ ਸਤ੍ਹਾਵਾਂ (ਪਾਸੇ) ਨਜ਼ਰ ਆ ਰਹੀਆਂ ਹਨ। ਉਸ ਚਿੱਤਰ 'ਤੇ ਗੋਲਾ ਲਗਾਓ ਜਿਸ ਵਿੱਚ ਤਿੰਨ ਸਤ੍ਹਾਵਾਂ ਨਜ਼ਰ ਆ ਰਹੀਆਂ ਹਨ।


- ਇੱਕ ਇੱਟ ਵਿੱਚ ਕਿੰਨੀਆਂ ਸਤ੍ਹਾਵਾਂ ਹੁੰਦੀਆਂ ਹਨ ?
- ਕੀ ਕੋਈ ਸਤ੍ਹਾ ਵਰਗ ਦੇ ਅਕਾਰ ਦੀ ਹੈ ?
- ਇੱਟ ਦੀ ਸਭ ਤੋਂ ਛੋਟੀ ਸਤ੍ਹਾ ਦਾ ਚਿੱਤਰ ਬਣਾਉ।
- ਹੇਠਾਂ ਦਿੱਤੀਆਂ ਆਕ੍ਰਿਤੀਆਂ ਵਿਚੋਂ ਕਿਹੜੀ-ਕਿਹੜੀ ਇੱਟ ਦੀ ਸਤ੍ਹਾ ਦਰਸਾਉਂਦੀ ਹੈ ?(✓) ਦਾ ਨਿਸ਼ਾਨ ਲਗਾਓ।



- ਇਹਨਾਂ ਵਿਚੋਂ ਕਿਹੜਾ ਚਿੱਤਰ ਇੱਟ ਦਾ ਹੈ ?(✓) ਦਾ ਨਿਸ਼ਾਨ ਲਗਾਓ।




- ਇੱਕ ਬਕਸੇ ਦਾ ਅਜਿਹਾ ਚਿੱਤਰ ਬਣਾਓ ਜਿਸ ਵਿੱਚ ਤਿੰਨ ਸਤ੍ਹਾਵਾਂ ਨਜ਼ਰ ਆਉਣ।




- ਕੀ ਤੁਸੀਂ ਇਸੇ ਬਕਸੇ ਦਾ ਅਜਿਹਾ ਚਿੱਤਰ ਵੀ ਬਣਾ ਸਕਦੇ ਹੋ ਜਿਸ ਵਿੱਚ ਉਸਦੀਆਂ ਚਾਰ ਸਤ੍ਹਾਵਾਂ ਨਜ਼ਰ ਆਉਣ ?

## ਇਹ ਦੀਵਾਰ ਨਹੀਂ ਡਿੱਗ ਸਕਦੀ

ਇੱਕ ਦਿਨ ਮੁੰਨੀਆ ਅਤੇ ਜ਼ੈਨਬ ਇੱਟਾਂ ਨਾਲ ਖੇਡ ਰਹੀਆਂ ਸਨ ਅਤੇ ਆਪਣੀਆਂ ਆਪਣੀਆਂ ਦੀਵਾਰਾਂ ਬਣਾ ਰਹੀਆਂ ਸਨ। ਦੋਵਾਂ ਨੇ ਅੱਡ-ਅੱਡ (ਵੱਖਰੀ-ਵੱਖਰੀ) ਤਰ੍ਹਾਂ ਦੀਆਂ ਦੀਵਾਰਾਂ ਬਣਾਈਆਂ।



ਜ਼ੈਨਬ ਵੱਲੋਂ ਬਣਾਈ ਦੀਵਾਰ



ਮੁੰਨੀਆ ਵੱਲੋਂ ਬਣਾਈ ਦੀਵਾਰ


ਜ਼ੈਨਬ ਨੇ ਕਿਹਾ ਕਿ ਉਸਦੀ ਦੀਵਾਰ ਅਸਾਨੀ ਨਾਲ ਨਹੀਂ ਡਿੱਗੇਗੀ। ਮਿਸਤਰੀ ਵੀ ਇਕ ਦੇ ਉੱਤੇ ਇਕ ਇਟ ਨਹੀਂ ਰੱਖਦੇ, ਜਿਵੇਂ ਕਿ ਮੁੰਨੀਆ ਨੇ ਕੀਤਾ ਹੈ।


ਤੁਹਾਨੂੰ ਕੀ ਲੱਗਦਾ ਹੈ ? ਕਿਹੜੀ ਦੀਵਾਰ ਜ਼ਿਆਦਾ ਮਜਬੂਤ ਹੋਵੇਗੀ ?

ਅਜਿਹੀਆਂ ਦੀਵਾਰਾਂ ਲੱਭੋ (ਦੀ ਭਾਲ ਕਰੋ) ਜਿਨ੍ਹਾਂ ਦੀਆਂ ਇੱਟਾਂ ਦੇ ਪੈਟਰਨ ਵੱਖਰੇ-ਵੱਖਰੇ ਢੰਗ ਦੇ ਹੋਣ।




### ਦੀਵਾਰ ਦੇ ਵੱਖਰੇ-ਵੱਖਰੇ ਪੈਟਰਨ।

- ਇੱਥੇ ਇੱਟਾਂ ਦੇ ਵੱਖਰੇ-ਵੱਖਰੇ ਪੈਟਰਨਾਂ ਦੇ ਚਿੱਤਰ ਦਿੱਤੇ ਗਏ ਹਨ। ਕੀ ਤੁਸੀਂ ਇੱਟਾਂ ਰੱਖਣ ਦੇ ਤਰੀਕੇ ਵਿੱਚ ਕੋਈ ਅੰਤਰ ਵੇਖ ਸਕਦੇ ਹੋ ?





- ਹੁਣ ਹਰ ਦੀਵਾਰ ਦੀ ਤਸਵੀਰ ਦਾ ਮਿਲਾਨ ਹੇਠਾਂ ਦਿੱਤੇ ਗਏ ਸਹੀ ਚਿੱਤਰ ਦੇ ਨਾਲ ਕਰੋ।

## ਝਰੋਖੇ ਵਿੱਚੋਂ ਝਾਕੋ


ਜਿਨ੍ਹਾਂ ਮਿਸਤਰੀਆਂ ਨੇ ਜਾਗ੍ਰਿਤੀ ਸਕੂਲ ਬਣਾਇਆ ਸੀ ਉਹਨਾਂ ਨੇ ਵੱਖਰੇ-ਵੱਖਰੇ ਤਰ੍ਹਾਂ ਦੇ ਜਾਲ਼ੀ ਦੇ ਪੈਟਰਨ ਦੀਵਾਰਾਂ 'ਤੇ ਬਣਾਏ।






- ਉੱਪਰ ਦਿੱਤੇ ਗਏ ਦੋ ਚਿੱਤਰਾਂ ਵਿੱਚ ਤੁਹਾਨੂੰ ਜਾਲੀ ਦੇ ਕਿੰਨੇ ਪੈਟਰਨ ਨਜ਼ਰ ਆ ਰਹੇ ਹਨ ?


ਇਹ ਇੱਕ ਹੋਰ ਸੁੰਦਰ ਜਾਲ਼ੀ ਦਾ ਚਿੱਤਰ ਹੈ ?




- ਹੇਠਾਂ ਦਿੱਤੀ ਗਈ ਦੀਵਾਰ ਵਿੱਚ ਕੁੱਝ ਇੱਟਾਂ ਵਿੱਚ ਲਾਲ ਰੰਗ ਭਰੋ ਅਤੇ ਆਪਣਾ ਜਾਲ਼ੀ ਪੈਟਰਨ ਬਣਾਓ।




ਕੀ ਸਕੂਲ ਦੇ ਇਸ ਚਿੱਤਰ ਵਿੱਚ ਝਰੋਖਾ ਵੇਖ ਸਕਦੇ ਹੋ ?



- ਹੇਠ ਦਿੱਤੀ ਗਈ ਦੀਵਾਰ ਵਿੱਚ ਕਾਲੇ ਰੰਗ ਨਾਲ ਕੁੱਝ ਝਰੋਖੇ ਬਣਾਓ।









ਇਹ ਜਾਲ਼ੀ ਕੇਰਲ ਦੀ ਇੱਕ ਲਾਇਬਰੇਰੀ ਦੀ ਇਮਾਰਤ 'ਤੇ ਬਣੀ ਹੈ।

ਧਿਆਨ ਨਾਲ ਵੇਖੋ ਕਿ ਇੱਟਾਂ ਦੇ ਕੋਨਿਆਂ 'ਤੇ ਕਿਸ ਤਰ੍ਹਾਂ ਦੀਵਾਰ ਵਿੱਚ ਤ੍ਰਿਭੁਜ ਬਣਾਇਆ ਗਿਆ ਹੈ।



ਕੀ ਤੁਸੀਂ ਕਦੀ ਇੱਟਾਂ ਨਾਲ ਬਣੀ ਤ੍ਰਿਭੁਜ ਦੀ ਆਕ੍ਰਿਤੀ ਵੇਖੀ ਹੈ ? ਇਸ ਚਿੱਤਰ ਵਿੱਚ ਰੁੱਖ ਦੇ ਆਲ਼ੇ-ਦੁਆਲ਼ੇ ਲੱਗੀਆਂ ਇੱਟਾਂ ਨੂੰ ਵੇਖੋ।





ਕੀ ਇਸ ਚਿੱਤਰ ਵਿੱਚ ਤੁਹਾਨੂੰ ਡਾਟ (**Arch**) ਨਜ਼ਰ ਆ ਰਹੀ ਹੈ ?

ਇਹ ਚਿੱਤਰ ਫੈਜ਼ਾਬਾਦ ਦੇ ਇੱਕ ਸਕੂਲ ਦਾ ਹੈ ?

**ਪਤਾ ਕਰੋ**

ਆਪਣੇ ਆਲ਼ੇ-ਦੁਆਲ਼ੇ ਹੋਰ ਡਾਟ (**Arch**) ਲੱਭੋ ਅਤੇ ਇਹਨਾਂ ਦੇ ਚਿੱਤਰ ਬਣਾਓ।



ਕੀ ਤੁਸੀਂ ਕਿਸੇ ਪੁਲ ਵਿੱਚ ਡਾਟ (Arch) ਦੀ ਆਕ੍ਰਿਤੀ ਵੇਖੀ ਹੈ ?

- ਤੁਸੀਂ ਹੋਰ ਕਿੱਥੇ ਡਾਟ (Arch) ਵੇਖੀ ਹੈ ?

______________________

**ਇੱਕ ਵਿਸ਼ੇਸ਼ (ਅਸਧਾਰਨ) ਡਾਟ (Arch)**

ਇਹ ਚਿੱਤਰ ਇੱਕ ਪਿੰਡ ਤੋਂ ਲਿਆ ਗਿਆ ਹੈ। ਵੇਖੋ ਇਸ ਵਿੱਚ ਡਾਟ (Arch) ਦੀ ਬਨਾਵਟ ਕਿਸ ਤਰ੍ਹਾਂ ਦੀ ਹੈ। ਇਸ ਦਾ ਨਾਂ ਵੀ ਬਹੁਤ ਵਧੀਆ ਹੈ- 'ਘੁੰਢ ਵਾਲੀ ਡਾਟ'।



ਇਸ ਖਿੜਕੀ ਦੀ ਜਾਲ਼ੀ ਸੁੰਦਰ ਹੈ ਨਾ ? ਇਹ ਪਤਲੀਆਂ ਇੱਟਾਂ ਤੋਂ ਬਣਾਈ ਗਈ ਹੈ। ਕੀ ਤੁਸੀਂ ਪਤਲੀਆਂ ਇੱਟਾਂ ਵੇਖੀਆਂ ਹਨ ? ਆਸ ਪਾਸ ਵੇਖੋ।

ਜਾਗ੍ਰਤੀ ਸਕੂਲ ਦੇ ਮਿਸਤਰੀਆਂ-ਜਮਾਲ ਅਤੇ ਕਾਲੂ ਨੇ ਦੱਸਿਆ ਕਿ ਉਹਨਾਂ ਦੇ ਦਾਦਾ ਜੀ ਕਈ ਅੱਲਗ-ਅੱਲਗ (ਵੱਖਰੀ-ਵੱਖਰੀ) ਤਰ੍ਹਾਂ ਦੀਆਂ ਇੱਟਾਂ ਦਾ ਉਪਯੋਗ (ਇਸਤੇਮਾਲ) ਕਰਦੇ ਸਨ। ਕੁੱਝ ਨੂੰ ਚਿੱਤਰ ਵਿੱਚ ਦਿਖਾਇਆ ਗਿਆ ਹੈ।



- ਇਹਨਾਂ ਵਿੱਚੋਂ ਕਿਸ ਇੱਟ ਦੇ ਘੁਮਾਵਦਾਰ ਕਿਨਾਰੇ (ਕੋਨੇ) ਹਨ।
- ਸਭ ਤੋਂ ਵੱਡੀ ਇੱਟ ਦੀਆਂ ਕਿੰਨੀਆਂ ਸਤਾਵਾਂ (ਪਾਸੇ) ਨਜ਼ਰ ਆ ਰਹੀਆਂ ਹਨ ?
- ਕੀ ਕੋਈ ਅਜਿਹੀ ਇੱਟ ਵੀ ਹੈ ਜਿਸ ਦੀਆਂ ਛੇ ਤੋਂ ਵੱਧ ਸਤ੍ਹਾਵਾਂ ਹਨ ?

### ਪਤਾ ਕਰੋ ਇੱਟ ਦਾ ਅਕਾਰ

ਕੀ ਤੁਸੀਂ ਵੱਖ-ਵੱਖ ਤਰ੍ਹਾਂ ਦੀਆਂ ਇੱਟਾਂ ਵੇਖੀਆਂ ਹਨ ?

- ਇੱਕ ਇੱਟ ਨੂੰ ਲੈ ਕੇ ਉਸਨੂੰ ਮਾਪੋ

  (ੳ) ਉਸਦੀ ਲੰਬਾਈ ਕਿੰਨੀ ਹੈ ? ________________

  (ਅ) ਉਸਦੀ ਚੌੜਾਈ ਕਿੰਨੀ ਹੈ ? ________________

  (ੲ) ਉਸਦੀ ਉਚਾਈ ਕਿੰਨੀ ਹੈ ? ________________

- ਮੁੰਨੀਆ ਇੱਕ ਮੀਟਰ ਲੰਬੀ ਦੀਵਾਰ ਬਣਾਉਣਾ ਚਾਹੁੰਦੀ ਹੈ। ਉਸ ਨੂੰ ਇੱਕ ਕਤਾਰ (ਲਾਈਨ) ਵਿੱਚ ਕਿੰਨੀਆਂ ਇੱਟਾਂ ਲਾਉਣੀਆਂ ਪੈਣਗੀਆਂ ? ________

### ਇੱਟਾਂ ਹੀ ਇੱਟਾਂ- ਭੱਠੇ ਚੋਂ ਨਿਕਲੀਆਂ

ਗਣੇਸ਼ ਅਤੇ ਸਾਹਿਬਾ ਇੱਟਾਂ ਬਨਾਉਣ ਵਾਲੇ ਭੱਠੇ ਦੇ ਕੋਲ ਰਹਿੰਦੇ ਹਨ।



- ਕੀ ਤੁਸੀਂ ਅੰਦਾਜਾ ਲਾ ਸਕਦੇ ਹੋ ਕਿ ਇਹ ਚਿਮਨੀ ਕਿੰਨੀ ਉੱਚੀ ਹੋਵੇਗੀ ?

  (ੳ) ਲਗਭਗ 5 ਮੀਟਰ ?

  (ਅ) ਲਗਭਗ 15 ਮੀਟਰ

  ੲ) ਲਗਭਗ 50 ਮੀਟਰ

ਗਣੇਸ਼ ਅਤੇ ਸਾਹਿਬਾ ਨੂੰ ਧੁੱਪ ਵਿੱਚ ਸੁਕਾਈਆਂ ਗਈਆਂ ਇੱਟਾਂ ਦੀ ਇੱਕ ਲੰਬੀ ਕਤਾਰ ਨੂੰ ਵੇਖਣਾ ਚੰਗਾ ਲਗਦਾ ਹੈ। ਉਹ ਇੱਟਾਂ ਨੂੰ ਬਣਦੀਆਂ ਹੋਈਆਂ ਵੀ ਵੇਖਦੇ ਹਨ।



ਹੇਠਾਂ ਇੱਟਾਂ ਦੇ ਭੱਠੇ ਦੇ ਚਾਰ ਚਿੱਤਰ ਦਿੱਤੇ ਗਏ ਹਨ ਜੋ ਕਿ ਕ੍ਰਮ ਵਿੱਚ ਨਹੀਂ ਹਨ। ਉਹਨਾਂ ਨੂੰ ਧਿਆਨ ਨਾਲ ਵੇਖੋ।ਸਹੀ ਕ੍ਰਮ ਇੱਥੇ ਲਿਖੋ। ____________________

A



B



D





C



ਜ਼ਮੀਨ ਵਿੱਚੋਂ (ਪੁੱਟ ਕੇ) ਕੱਢੀ ਗਈ ਮਿੱਟੀ ਤੋਂ ਇੱਟਾਂ ਕਿਵੇਂ ਬਣਾਈਆਂ ਜਾਂਦੀਆਂ ਹਨ। ਚਿੱਤਰ ਵੇਖੋ ਅਤੇ ਸਮੂਹ ਵਿੱਚ ਚਰਚਾ ਕਰੋ।

ਕੀ ਤੁਸੀਂ ਕਦੀ ਇੱਟਾਂ ਦਾ (ਭੱਠਾ) ਵੇਖਿਆ ਹੈ ? ਕੀ ਤੁਸੀਂ ਕਦੀ ਅੰਦਾਜ਼ਾ ਲਗਾਇਆ ਹੈ ਕਿ ਉੱਥੇ ਕਿੰਨੀਆਂ ਇੱਟਾਂ ਹੋ ਸਕਦੀਆਂ ਹਨ ?

ਭਾਰਤ ਵਿੱਚ ਇੱਟਾਂ ਦੇ ਬਹੁਤ ਸਾਰੇ ਭੱਠੇ ਹਨ – ਹਜ਼ਾਰਾਂ ਦੀ ਸੰਖਿਆ ਵਿੱਚ ਸ਼ਾਇਦ **ਸੌ ਹਜ਼ਾਰ** ਤੋਂ ਵੀ ਜ਼ਿਆਦਾ। ਕੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਕਿੰਨੀ ਵੱਡੀ ਸੰਖਿਆ ਹੈ ? ਇਸ ਸੰਖਿਆ ਨੂੰ **ਇੱਕ ਲੱਖ** ਕਹਿੰਦੇ ਹਨ। ਕੀ ਤੁਸੀਂ ਇਸ ਨੂੰ ਲਿਖ ਸਕਦੇ ਹੋ ? ਆਪਣੇ ਮਿੱਤਰਾਂ ਨੂੰ ਪੁੱਛੋ ਕਿ ਉਹਨਾਂ ਨੇ ਇੱਕ ਲੱਖ ਦੀ ਸੰਖਿਆ ਕਿੱਥੇ ਸੁਣੀ ਹੈ ?

**ਪਤਾ ਕਰੋ :**

ਇਹਨਾਂ ਚਿੱਤਰਾਂ ਨੂੰ ਵੇਖੋ ਅਤੇ ਅੰਦਾਜ਼ਾ ਲਗਾਓ ਕਿ ਇਸ ਟਰੱਕ ਵਿੱਚ ਕਿੰਨੀਆਂ ਇੱਟਾਂ ਢੋਈਆਂ ਜਾ ਸਕਦੀਆਂ ਹਨ।

ਕਿਸੇ ਡਰਾਈਵਰ ਤੋਂ ਪਤਾ ਲਗਾਓ ਕਿ ਇੱਕ ਟਰੱਕ ਵਿੱਚ ਕਿੰਨੀਆਂ ਇੱਟਾਂ ਢੋਈਆਂ ਜਾ ਸਕਦੀਆਂ ਹਨ।





**ਮਨ ਹੀ ਮਨ ਗਣਿਤ- ਭਜਨ ਨੇ ਇੱਟਾਂ ਖਰੀਦੀਆਂ**

ਭਜਨ ਇੱਟਾਂ ਖਰੀਦਣ ਗਿਆ। ਉਸਨੂੰ ਪਤਾ ਚੱਲਿਆ ਕਿ ਇੱਟਾਂ ਦੀ ਕੀਮਤ ਹਮੇਸ਼ਾ ਇੱਕ ਹਜ਼ਾਰ ਇੱਟ ਦੇ ਹਿਸਾਬ ਨਾਲ ਹੁੰਦੀ ਹੈ। ਅਲੱਗ-ਅਲੱਗ (ਵੱਖ-ਵੱਖ) ਇੱਟਾਂ ਦੇ ਹਿਸਾਬ ਨਾਲ ਕੀਮਤਾਂ ਵੀ ਅਲੱਗ-ਅਲੱਗ ਹੁੰਦੀਆਂ ਹਨ।

| | |
|---|---|
| ਪੁਰਾਣੀਆਂ ਇੱਟਾਂ | - 1200 ਰੁਪਏ ਪ੍ਰਤੀ ਹਜ਼ਾਰ ਇੱਟਾਂ |
| ਈਟਾਪੁਰ ਦੀਆਂ ਨਵੀਆਂ ਇੱਟਾਂ | - 1800 ਰੁਪਏ ਪ੍ਰਤੀ ਹਜ਼ਾਰ ਇੱਟਾਂ |
| ਬ੍ਰਿਕਾਬਾਦ ਦੀਆਂ ਨਵੀਂਆ ਇੱਟਾਂ | - 2000 ਰੁਪਏ ਪ੍ਰਤੀ ਹਜ਼ਾਰ ਇੱਟਾਂ |

ਭਜਨ ਨੇ ਬ੍ਰਿਕਾਬਾਦ ਤੋਂ ਨਵੀਆਂ ਇੱਟਾਂ ਖਰੀਦਣ ਦਾ ਫੈਸਲਾ ਕੀਤਾ। ਉਸਨੇ ਤਿੰਨ ਹਜ਼ਾਰ ਇੱਟਾਂ ਖਰੀਦੀਆਂ। ਉਸਨੇ ਕਿੰਨੇ ਪੈਸੇ ਦਿੱਤੇ ? ____________

- ਜੇਕਰ ਉਹ 500 ਪੁਰਾਣੀਆਂ ਇੱਟਾਂ ਖਰੀਦੇ ਤਾਂ ਉਸ ਨੂੰ ਕਿੰਨੇ ਪੈਸੇ ਦੇਣੇ ਪੈਣਗੇ।

ਇਸ ਨੂੰ ਬਿਨਾਂ ਲਿਖੇ ਕਰੋ।

# 2 ਲੰਬਾ ਅਤੇ ਛੋਟਾ

ਕਿੰਨੀ ਦੂਰ ਹਨ ਬਿੰਦੂ ?




- ★ ਕਿਸੇ ਦੋ ਬਿੰਦੂਆਂ ਦੇ ਵਿੱਚ ਦੀ ਦੂਰੀ ਦਾ ਅੰਦਾਜ਼ਾ ਲਗਾਓ। ਦੂਰੀ ਕਿੰਨੇ ਸੈਂਟੀਮੀਟਰ (cm) ਹੈ ? ਇੱਕ ਫੁੱਟੇ ਨਾਲ ਇਸ ਨੂੰ ਮਾਪ ਕੇ ਵੇਖੋ ਕੀ ਤੁਹਾਡਾ ਅੰਦਾਜ਼ਾ ਸਹੀ ਸੀ ?
- ★ ਕਿਹੜੇ ਦੋ ਬਿੰਦੂ ਤੁਹਾਨੂੰ ਇੱਕ ਦੂਜੇ ਤੋਂ ਸਭ ਤੋਂ ਦੂਰ ਲੱਗਦੇ ਹਨ ? ਆਪਣੇ ਉੱਤਰ ਦੀ ਜਾਂਚ ਕਰੋ।
- ★ ਕਿਹੜੇ ਦੋ ਬਿੰਦੂ ਇੱਕ ਦੂਜੇ ਦੇ ਸਭ ਤੋਂ ਨੇੜੇ (ਨਜ਼ਦੀਕ) ਹਨ ? ਆਪਣੇ ਉੱਤਰ ਦੀ ਪੜਤਾਲ ਕਰੋ। ਆਪਣੇ ਉੱਤਰ ਦੀ ਜਾਂਚ ਕਰੋ।

ਬਿੰਦੂਆਂ ਨੂੰ ਸਫੇਦ ਕਾਗਜ਼ 'ਤੇ ਬਣਾ ਕੇ ਬੱਚੇ ਇਸ ਖੇਡ ਨੂੰ ਦੋ-ਦੋ ਕਰਕੇ ਖੇਡ ਸਕਦੇ ਹਨ ਅਤੇ ਬੱਚੇ ਆਪਣੇ ਸਾਥੀਆਂ ਨੂੰ ਦੂਰੀ ਨੂੰ ਦੱਸਣ ਲਈ ਕਹਿ ਸਕਦੇ ਹਨ। ਇਸ ਨੂੰ ਹੋਰ ਅੱਗੇ ਵਧਾਉਂਦੇ ਹੋਏ, ਬੱਚੇ ਫਰਸ਼ 'ਤੇ ਖੇਡਦੇ ਹੋਏ ਜ਼ਿਆਦਾ ਦੂਰੀ ਦਾ ਅੰਦਾਜ਼ਾ ਲਗਾ ਸਕਦੇ ਹਨ। ਇਸ ਅਧਿਆਇ ਵਿੱਚ ਲੱਗੀ ਕਿਨਾਰੀ ਦਾ ਉਪਯੋਗ ਵੀ ਫੁੱਟੇ ਦੇ ਰੂਪ ਵਿੱਚ ਕੀਤਾ ਜਾਣਾ ਚਾਹੀਦਾ ਹੈ।



## ਕਿਹੜੀ ਛੋਟੀ ਰੇਖਾ (ਲਕੀਰ)


ਅਕਬਰ ਇੱਕ ਪ੍ਰਸਿੱਧ ਰਾਜਾ ਸੀ। ਉਸਦੇ ਕੋਲ ਇੱਕ ਚਲਾਕ ਮੰਤਰੀ ਸੀ ਬੀਰਬਲ। ਇੱਕ ਵਾਰ ਅਕਬਰ ਨੇ ਬੀਰਬਲ ਨੂੰ ਇੱਕ ਮੁਸ਼ਕਲ ਸਵਾਲ ਕੀਤਾ। ਉਸਨੇ ਜ਼ਮੀਨ 'ਤੇ ਇੱਕ ਰੇਖਾ ਖਿਚ ਦਿੱਤੀ।




ਇਸ ਚਿੱਤਰ ਨੂੰ ਵੇਖੋ ਅਤੇ ਸਮਝੋ ਕਿ ਬੀਰਬਲ ਨੇ ਅਕਬਰ ਦੀ ਰੇਖਾ ਨੂੰ ਕਿਵੇਂ ਛੋਟਾ ਕੀਤਾ?

ਕੀ ਤੁਸੀਂ ਵੀ ਬੀਰਬਲ ਜਿੰਨੇ ਚਲਾਕ ਬਣ ਸਕਦੇ ਹੋ? ਉਸਦੀ ਰੇਖਾ ਨੂੰ ਬਿਨਾ ਮਿਟਾਏ ਛੋਟਾ ਕਰੋ। ਸੋਚੋ-ਕੀ ਕੋਈ ਸਭ ਤੋਂ ਲੰਬੀ ਰੇਖਾ ਹੋ ਸਕਦੀ ਹੈ ?


**ਹੁਣ ਤੁਸੀਂ ਕੋਸ਼ਿਸ਼ ਕਰਕੇ ਵੇਖੋ**



- ਇਸ ਦੇ ਸੱਜੇ ਹੱਥ ਨੂੰ ਖੱਬੇ ਹੱਥ ਤੋਂ 1 ਸਮ ਲੰਬਾ ਬਣਾਓ।
- ਇਸ ਕੱਪ ਤੋਂ 1 ਸਮ ਛੋਟਾ ਕੱਪ ਬਣਾਓ।



- ਇਸ ਝਾੜੂ ਦੀ ਅੱਧੀ ਲੰਬਾਈ ਦਾ ਇੱਕ ਝਾੜੂ ਬਣਾਓ।



- ਇਸ ਦੇ ਸਿਰ ਦੇ ਵਾਲ ਤੋਂ ਦੁੱਗਣਾ ਲੰਬਾ ਇੱਕ ਵਾਲ ਹੋਰ ਬਣਾਓ।



## ਤੁਸੀਂ ਕਿੰਨੇ ਲੰਬੇ ਹੋ ਗਏ ਹੋ ?

ਕੀ ਤੁਹਾਨੂੰ ਯਾਦ ਹੈ ਕਿ ਤੀਸਰੀ ਜਮਾਤ ਵਿੱਚ ਤੁਸੀਂ ਆਪਣੀ ਲੰਬਾਈ ਮਾਪੀ ਸੀ ? ਕੀ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਲੰਬੇ ਹੋ ਗਏ ਹੋ ?

ਕਿੰਨੇ ਲੰਬੇ ? ____________ ਸੈਂਟੀਮੀਟਰ ?

ਕੀ ਤੁਹਾਡੇ ਮਿੱਤਰ ਵੀ ਲੰਬੇ ਹੋ ਗਏ ਹਨ ?

ਪਤਾ ਕਰੋ ਅਤੇ ਹੇਠਾਂ ਦਿੱਤੀ ਗਈ ਸਾਰਣੀ (ਸੂਚੀ) ਨੂੰ ਪੂਰਾ ਕਰੋ ।



| ਮਿੱਤਰ ਦਾ ਨਾਂ | ਪਿਛਲੇ ਸਾਲ ਦੀ ਲੰਬਾਈ (ਸਮ) | ਇਸ ਸਾਲ ਦੀ ਲੰਬਾਈ (ਸਮ) | ਪਹਿਲਾਂ ਤੋਂ ਕਿੰਨੇ (ਸਮ) ਵੱਧ ਗਏ ਹਨ ? |
|---|---|---|---|
| | | | |
| | | | |
| | | | |
| | | | |
| | | | |

ਰੂਪਾ ਨੇ ਇੱਕ ਵਾਰ ਸੰਸਾਰ ਦੇ ਬਹੁਤ ਲੰਬੇ ਆਦਮੀਆਂ ਦੀ ਸੂਚੀ ਨੂੰ ਪੜ੍ਹਿਆ। ਉਹਨਾਂ ਵਿਚੋਂ ਇੱਕ 272 ਸਮ ਲੰਬਾ ਸੀ। ਇਹ ਰੂਪਾ ਦੀ ਲੰਬਾਈ ਤੋਂ ਦੁੱਗਣਾ ਸੀ। ਰੂਪਾ ਕਿੰਨੀ ਲੰਬੀ ਹੈ ? __________ ਸਮ।




### ਸੋਚੋ

- ★ ਕੀ ਇਹ ਆਦਮੀ ਬਿਨਾ ਝੁਕੇ ਤੁਹਾਡੀ ਜਮਾਤ ਦੇ ਦਰਵਾਜੇ ਵਿਚੋਂ ਨਿਕਲ ਸਕਦਾ ਹੈ ?
- ★ ਜੇਕਰ ਇਹ ਸਿੱਧਾ ਖੜਾ ਹੋ ਜਾਵੇ ਤਾਂ ਕਿ ਇਸਦਾ ਸਿਰ ਤੁਹਾਡੇ ਘਰ ਦੀ ਛੱਤ ਨਾਲ ਟਕਰਾਵੇਗਾ ?

### ਪਰਿਵਾਰ ਵਿੱਚ ਕੌਣ ਹੈ ਲੰਬਾ ਕੌਣ ਹੈ ਛੋਟਾ ?

- ★ ਤੁਹਾਡੇ ਪਰਿਵਾਰ ਵਿੱਚ ਕੌਣ ਸਭ ਤੋਂ ਲੰਬਾ ਹੈ ? _____
- ★ ਤੁਹਾਡੇ ਪਰਿਵਾਰ ਵਿੱਚ ਕੌਣ ਸਭ ਤੋਂ ਛੋਟਾ ਹੈ ? _____
- ★ ਉਹਨਾਂ ਦੋਵਾਂ ਦੀ ਲੰਬਾਈ ਵਿੱਚ ਕਿੰਨਾ ਅੰਤਰ ਹੈ ? _____

## ਸਕੂਲ ਦੀ ਖੇਡ ਪ੍ਰਤੀਯੋਗਤਾ

### ਦੌੜ

ਇਹ ਕੁੜੀਆਂ ਦੀ 100 ਮੀਟਰ ਦੀ ਦੌੜ ਹੈ। ਅਰੁਧੰਤੀ ਸਮਾਪਤੀ ਰੇਖਾ ਦੇ ਕੋਲ ਹੈ। ਉਹ ਉਸ ਤੋਂ ਲਗਭਗ 6 ਮੀਟਰ ਦੂਰ ਹੈ।

ਉਸਦੇ ਪਿਛੇ ਰੇਹਾਨਾ ਹੈ। ਕੋਂਕਣਾ ਅਤੇ ਉਮਾ, ਰੇਹਾਨਾ ਦੇ ਪਿੱਛੇ ਦੌੜ ਰਹੀਆਂ ਹਨ।



★ ਚਿੱਤਰ ਨੂੰ ਵੇਖੋ। ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਇਹਨਾਂ ਦੂਰੀਆਂ ਵਿੱਚੋਂ ਚੁਣੋ-

3 ਮੀਟਰ

6 ਮੀਟਰ

10 ਮੀਟਰ

15 ਮੀਟਰ




ੳ) ਰੇਹਾਨਾ ਅਰੁਧੰਤੀ ਤੋਂ ਕਿੰਨੀ ਦੂਰ ਹੈ ?__________ ਮੀਟਰ

ਅ) ਕੋਂਕਣਾ ਅਤੇ ਉਮਾ ਤੋਂ ਰੇਹਾਨਾ ਕਿੰਨੀ ਅੱਗੇ ਹੈ ?__________ ਮੀਟਰ

ੲ) ਕੋਂਕਣਾ ਤੇ ਉਮਾ ਸਮਾਪਤੀ ਰੇਖਾ ਤੋਂ ਕਿੰਨੀ ਦੂਰ ਹਨ ?________ ਮੀਟਰ

ਕੀ ਤੁਸੀਂ 1500 ਮੀਟਰ ਜਾਂ 3000 ਮੀਟਰ ਦੀ ਦੌੜ ਬਾਰੇ ਸੁਣਿਆ ਹੈ ? ਕੀ ਤੁਹਾਨੂੰ ਯਾਦ ਹੈ ਕਿ 1000 ਮੀਟਰ, 1 ਕਿਲੋਮੀਟਰ ਹੁੰਦਾ ਹੈ ਅਤੇ 500 ਮੀਟਰ ਅੱਧਾ ਕਿਲੋਮੀਟਰ ਹੁੰਦਾ ਹੈ।

★ ਇਸ ਲਈ ਤੁਸੀਂ ਕਹਿ ਸਕਦੇ ਹੋ ਕਿ

1500 ਮੀਟਰ ਦੀ ਦੌੜ ਦੇ ਲਈ ______ ਕਿਲੋਮੀਟਰ ਦੌੜਨਾ ਪਵੇਗਾ।

3000 ਮੀਟਰ ਦੀ ਦੌੜ ਦੇ ਲਈ ______ ਕਿਲੋਮੀਟਰ ਦੌੜਨਾ ਪਵੇਗਾ।

ਕੀ ਤੁਸੀਂ ਮੈਰਾਥਨ ਦੌੜ ਦੇ ਬਾਰੇ ਸੁਣਿਆ ਹੈ ਜਿਸ ਵਿੱਚ ਲੋਕਾਂ ਨੂੰ ਲਗਭਗ 40 ਕਿਲੋਮੀਟਰ ਦੌੜਨਾ ਪੈਂਦਾ ਹੈ। ਲੋਕ ਮੈਰਾਥਨ ਦੌੜ ਦੇ ਲਈ ਸੜਕ 'ਤੇ ਹੀ ਦੌੜਦੇ ਹਨ ਕਿਉਂਕਿ ਸਟੇਡੀਅਮ ਵਿੱਚ ਦੌੜਨ ਦਾ ਰਸਤਾ 400 ਮੀਟਰ ਹੀ ਹੁੰਦਾ ਹੈ।

ਸਟੇਡੀਅਮ ਦੇ 10 ਚੱਕਰ = ______ ਕਿਲੋਮੀਟਰ

ਇਸ ਲਈ ਜੇਕਰ ਤੁਸੀਂ ਮੈਰਾਥਨ ਸਟੇਡੀਅਮ ਵਿੱਚ ਹੀ ਪੂਰੀ ਕਰਨੀ ਹੋਵੇ ਤਾਂ ਸਟੇਡੀਅਮ ਦੇ ______ ਚੱਕਰ ਲਗਾਉਣੇ ਪੈਣਗੇ।

**ਲੰਬੀ ਛਾਲ**

ਇਹ ਮੁੰਡਿਆਂ ਦੀ ਲੰਬੀ ਛਾਲ ਹੈ।



ਧਾਨੂ ਦੀ 3 ਮੀਟਰ 40 ਸੈਂਟੀਮੀਟਰ (cm) ਦੀ ਸਭ ਤੋਂ ਲੰਬੀ ਛਾਲ ਹੈ। ਗੁਰਜੀਤ ਦੂਜੇ ਨੰਬਰ 'ਤੇ ਹੈ। ਉਸਦੀ ਛਾਲ ਧਾਨੂ ਤੋਂ 20 ਸੈਂਟੀਮੀਟਰ (cm) ਘੱਟ ਹੈ। ਗੋਪੀ ਤੀਸਰਾ ਰਿਹਾ। ਉਸਦੀ ਛਾਲ ਗੁਰਜੀਤ ਦੀ ਛਾਲ ਤੋਂ ਕੇਵਲ 5 ਸੈਂਟੀਮੀਟਰ (cm) ਘੱਟ ਹੈ।

- ★ ਗੁਰਜੀਤ ਅਤੇ ਗੋਪੀ ਦੀ ਛਾਲ ਕਿੰਨੀ ਲੰਬੀ ਸੀ ?

  ____________________

- ★ ਕੋਸ਼ਿਸ਼ ਕਰਕੇ ਵੇਖੋ ਕਿ ਤੁਸੀਂ ਕਿੰਨੀ ਲੰਬੀ ਛਾਲ ਮਾਰ ਸਕਦੇ ਹੋ।
- ★ ਤੁਸੀਂ ਇੱਕ ਗੇਂਦ ਨੂੰ ਕਿੰਨੀ ਦੂਰੀ ਤੱਕ ਸੁੱਟ ਸਕਦੇ ਹੋ ? ______ ਮੀਟਰ
- ★ ਫੁੱਟਬਾਲ ਜਾਂ ਵਾਲੀਬਾਲ ਵਰਗੀ ਕੋਈ ਇੱਕ ਵੱਡੀ ਗੇਂਦ ਲਓ। ਵੇਖੋ ਕਿ ਤੁਸੀਂ ਉਸ ਨੂੰ ਠੁੱਡ ਮਾਰ ਕੇ ਕਿੰਨੀ ਦੂਰ ਤੱਕ ਸੁੱਟ ਸਕਦੇ ਹੋ ? ______


ਹੇਠਾਂ ਕੁੱਝ ਖੇਡਾਂ ਦੇ ਲਈ ਭਾਰਤੀ ਰਿਕਾਰਡ ਅਤੇ ਵਿਸ਼ਵ ਰਿਕਾਰਡ ਦਿੱਤੇ ਗਏ ਹਨ।

| ਖੇਡਾਂ | ਵਿਸ਼ਵ ਰਿਕਾਰਡ | | ਭਾਰਤੀ ਰਿਕਾਰਡ | |
|---|---|---|---|---|
| ਉੱਚੀ ਛਾਲ (ਪੁਰਸ਼) | ਜੇਵਿਅਰ ਐਸ. | 2ਮੀ. 45 ਸਮ | ਚੰਦਰ ਪਾਲ | 2 ਮੀ. 17 ਸਮ |
| ਲੰਬੀ ਛਾਲ (ਪੁਰਸ਼) | ਮਾਈਕ ਪੀ. | 8 ਮੀ. 95 ਸਮ | ਅੰਮ੍ਰਿਤਪਾਲ | 8 ਮੀ. 8 ਸਮ |
| ਉੱਚੀ ਛਾਲ (ਔਰਤ) | ਸਤੇਫਕਾ ਕੇ. | 2 ਮੀ. 9 ਸਮ | ਬਾਬੀ ਏ | 1 ਮੀ. 91 ਸਮ |
| ਲੰਬੀ ਛਾਲ (ਔਰਤ) | ਗਾਲੀਨਾ ਸੀ. | 7 ਮੀ. 5 ਸਮ | ਅੰਜੂ ਜਾਰਜ | 6 ਮੀ. 83 ਸਮ |

ਦਿੱਤੀ ਗਈ ਸਾਰਣੀ (ਸੂਚੀ) ਤੋਂ ਪਤਾ ਕਰੋ।

1. ਚੰਦਰ ਪਾਲ ਨੂੰ ਉੱਚੀ ਛਾਲ ਦੇ ਵਿਸ਼ਵ ਰਿਕਾਰਡ ਦੇ ਬਰਾਬਰ ਆਉਣ ਦੇ ਲਈ ਕਿੰਨੇ ਸੈਂਟੀਮੀਟਰ ਹੋਰ ਛਾਲ ਮਾਰਨੀ ਪਵੇਗੀ ?
2. ਬਾਬੀ ਏ. ਨੂੰ 2 ਮੀਟਰ ਦੇ ਲਈ ਕਿੰਨੇ ਸਮ (cm) ਹੋਰ ਛਾਲ ਮਾਰਨੀ ਪਵੇਗੀ
   ਯਾਦ ਰਹੇ ਕਿ 1 ਮੀਟਰ = 100 ਸਮ
   ਅੱਧਾ ਮੀਟਰ = ?
3. ਗਾਲੀਨਾ ਦੀ ਲੰਬੀ ਛਾਲ ਲਗਭਗ
   ੳ) 7 ਮੀਟਰ ਹੈ।
   ਅ) ਸਾਡੇ ਸੱਤ ਮੀਟਰ ਹੈ।
   ੲ) 8 ਮੀਟਰ ਹੈ।
4. ਔਰਤਾਂ ਦਾ ਵਿਸ਼ਵ ਰਿਕਾਰਡ ਵੇਖੋ। ਸਭ ਤੋਂ ਲੰਬੀ ਛਾਲ ਅਤੇ ਸਭ ਤੋਂ ਉੱਚੀ ਛਾਲ ਵਿੱਚ ਕਿੰਨਾ ਅੰਤਰ ਹੈ ?
5. ਜੇਕਰ ਮਾਈਕ ਪੀ. ______ ਸਮ ਹੋਰ ਛਾਲ ਮਾਰਦਾ ਤਾਂ ਉਸਦੀ ਛਾਲ ਪੂਰੀ 9 ਮੀਟਰ ਹੁੰਦੀ।
6. ਕਿਸਦੀ ਉੱਚੀ ਛਾਲ ਢਾਈ ਮੀਟਰ ਦੇ ਬਹੁਤ ਨਜ਼ਦੀਕ ਹੈ ?
   ੳ) ਸਤੇਫਕਾ ਕੇ.
   ਅ) ਚੰਦਰ ਪਾਲ.
   ੲ) ਜੇਵਿਅਰ ਐਸ.
   ਸ) ਬਾਬੀ ਏ.

## ਦੌੜਨ ਦੀ ਕਸਰਤ




ਡਾਕਟਰ ਨੇ ਦੇਵੀ ਪ੍ਰਸਾਦ ਨੂੰ ਤੰਦਰੁਸਤ ਰਹਿਣ ਲਈ ਹਰ ਰੋਜ਼ 2 ਕਿਲੋਮੀਟਰ ਦੌੜਨ ਲਈ ਕਿਹਾ। ਉਸਨੇ ਇਸ ਖੇਤ ਦਾ ਇੱਕ ਚੱਕਰ ਲਾਇਆ।ਉਹ ਕਿੰਨੀ ਦੂਰ ਦੌੜਿਆ ?

ਇਹ ਖੇਤ ਉਸਦੇ ਘਰ ਤੋਂ ਬਹੁਤ ਦੂਰ ਸੀ ਇਸ ਲਈ ਉਸਨੇ ਅਪਣੇ ਘਰ ਦੇ ਕੋਲ ਇੱਕ ਬਗੀਚੇ ਨੂੰ ਚੁਣਿਆ। ਬਗੀਚੇ ਦਾ ਘੇਰਾ ਲਗਭਗ 400 ਮੀਟਰ ਸੀ।




- ★ ਦੇਵੀ ਪ੍ਰਸ਼ਾਦ ਨੂੰ 2 ਕਿਲੋਮੀਟਰ ਦੌੜਨ ਲਈ ਬਗੀਚੇ ਦੇ ਕਿੰਨੇ ਚੱਕਰ ਲਗਾਉਣੇ ਪੈਣਗੇ ?
- ★ ਇੱਕ ਦਿਨ ਬਹੁਤ ਵਧੀਆ ਮੌਸਮ ਸੀ ਅਤੇ ਠੰਡੀ ਹਵਾ ਚਲ ਰਹੀ ਸੀ। ਉਸਨੂੰ ਇੰਨਾ ਵਧੀਆ ਲੱਗਿਆ ਕਿ ਉਹ ਉਦੋਂ ਤੱਕ ਦੌੜਦਾ ਰਿਹਾ ਜਦੋਂ ਤੱਕ ਕਿ ਉਹ 8 ਚੱਕਰ ਲਾਉਣ ਦੇ ਬਾਅਦ ਥੱਕ ਨਹੀਂ ਗਿਆ। ਉਸ ਦਿਨ ਉਹ ______ ਕਿਲੋਮੀਟਰ ਅਤੇ ________ ਮੀਟਰ ਦੌੜਿਆ।



## ਕਿੰਨੇ ਕਮਰੇ ਉੱਚਾ ?

ਕੁਤੁੱਬ ਮੀਨਾਰ 72 ਮੀਟਰ ਉੱਚਾ ਹੈ।

ਤੁਹਾਡੀ ਜਮਾਤ ਦਾ ਕਮਰਾ ਲਗਭਗ ਕਿੰਨੇ ਮੀਟਰ ਉੱਚਾ ਹੈ ?

ਅੰਦਾਜਾ ਲਗਾਓ ਕਿ ਕਿੰਨੇ ਕਮਰੇ ਇੱਕ ਦੇ ਉੱਪਰ ਇੱਕ ਲਗਾ ਕੇ ਕੁਤੁਬ ਮੀਨਾਰ ਜਿੰਨੇ ਉੱਚੇ ਹੋਣਗੇ। ____________

ਦੱਸੋ ਕਿ ਤੁਸੀਂ ਇਹ ਅੰਦਾਜਾ ਕਿਵੇਂ ਲਗਾਇਆ।

## *ਪਟਿਆਲਾ ਤੋਂ ਚੰਡੀਗੜ੍ਹ ਤੱਕ

ਸੁਬੋਧ ਇਸ ਥਾਂ ਤੋਂ 24 ਕਿਲੋਮੀਟਰ (km) ਦੂਰ ਪਟਿਆਲਾ ਜਾ ਰਿਹਾ ਹੈ।ਮੰਜਨੀ ਇਸ ਥਾਂ ਤੋਂ 46 ਕਿਲੋਮੀਟਰ ਦੂਰ ਉਲਟੀ ਦਿਸ਼ਾ ਵਿੱਚ ਚੰਡੀਗੜ੍ਹ ਜਾ ਰਹੀ ਹੈ।

ਪਟਿਆਲਾ, ਚੰਡੀਗੜ੍ਹ ਤੋਂ ਕਿੰਨੀ ਦੂਰ ਹੈ ? ______________




## ਤੁਹਾਡੇ ਘਰ ਤੋਂ ਸਕੂਲ ਕਿੰਨੀ ਦੂਰ ਹੈ ?

ਮੋਮਨ ਬਹੁਤ ਦੂਰ ਤੋਂ ਸਕੂਲ ਆਉਂਦਾ ਹੈ ? ਪਹਿਲਾਂ ਉਹ ਤਲਾਅ ਤੱਕ 400 ਮੀਟਰ ਦੀ ਦੂਰੀ ਤੈਅ ਕਰਦਾ ਹੈ। ਫਿਰ ਉਹ ਚੱਪਲਾਂ ਹੱਥ ਵਿੱਚ ਲੈ ਕੇ 150 ਮੀਟਰ ਚੌੜੇ ਤਲਾਅ ਨੂੰ ਪਾਰ ਕਰਦਾ ਹੈ। ਉਸਤੋਂ ਬਾਅਦ ਉਹ 350 ਮੀਟਰ ਚੌੜੇ ਖੇਤ ਨੂੰ ਦੌੜ ਕੇ ਪਾਰ ਕਰਦਾ ਹੈ। ਅੰਤ ਵਿੱਚ ਉਹ ਸਕੂਲ ਪਹੁੰਚਣ ਲਈ 40 ਮੀਟਰ ਚੌੜੀ ਸੜਕ ਨੂੰ ਧਿਆਨ ਨਾਲ ਪਾਰ ਕਰਦਾ ਹੈ।



ਸਕੂਲ ਪਹੁੰਚਣ ਲਈ ਮੋਮਨ ਨੂੰ ਹਰ ਰੋਜ ਕਿੰਨਾ ਚਲਣਾ (ਤੁਰਨਾ) ਪੈਂਦਾ ਹੈ ? ________

ਕੀ ਇਹ 1 ਕਿਲੋਮੀਟਰ ਤੋਂ ਵੱਧ ਹੈ ? ________

★ ਪਤਾ ਲਗਾਓ ਕਿ ਤੁਹਾਡੇ ਮਿੱਤਰ ਸਕੂਲ ਤੋਂ ਕਿੰਨੀ ਦੂਰ ਰਹਿੰਦੇ ਹਨ ਅਤੇ ਹੇਠਾਂ ਦਿੱਤੀ ਗਈ ਸਾਰਣੀ ਨੂੰ ਪੂਰਾ ਕਰੋ। ਦੂਰੀ ਨੂੰ ਮੀਟਰ ਜਾਂ ਕਿਲੋਮੀਟਰ ਵਿੱਚ ਲਿਖੋ।

| ਦੋਸਤ (ਮਿੱਤਰ ਦਾ ਨਾਂ) | ਘਰ ਤੋਂ ਸਕੂਲ ਤੱਕ ਦੀ ਦੂਰੀ |
|---|---|
| | |
| | |
| | |
| | |
| | |
| | |

ਤੁਹਾਡੇ ਸਾਰਿਆਂ ਵਿੱਚੋਂ ਕੌਣ ਸਕੂਲ ਦੇ ਸਭ ਤੋਂ ਨੇੜੇ ਰਹਿੰਦਾ ਹੈ ? __________

ਕੌਣ ਸਕੂਲ ਤੋਂ ਸਭ ਤੋਂ ਦੂਰ ਰਹਿੰਦਾ ਹੈ ? __________

ਕਿੰਨੇ ਬੱਚੇ ਸਕੂਲ ਤੋਂ 1 ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਰਹਿੰਦੇ ਹਨ ? __________

ਕੀ ਕੋਈ ਅਜਿਹਾ ਬੱਚਾ ਵੀ ਹੈ ਜੋ 5 ਕਿਲੋਮੀਟਰ ਤੋਂ ਵੀ ਜ਼ਿਆਦਾ ਦੂਰ ਰਹਿੰਦਾ ਹੈ ? ਉਹ ਸਕੂਲ ਕਿਵੇਂ ਆਉਂਦਾ ਹੈ? ______________________________

______________________________

**ਅੰਦਾਜ਼ਾ ਲਗਾਓ ਅਤੇ ਪਤਾ ਕਰੋ**

1. ਇੱਕ ਰੀਲ ਵਿੱਚ ਕਿੰਨਾ ਲੰਬਾ ਧਾਗਾ ਹੁੰਦਾ ਹੈ ?
2. ਪਤੰਗ ਦੀ ਚਰਖੀ ਵਿੱਚ ਕਿੰਨਾ ਲੰਬਾ ਧਾਗਾ ਹੁੰਦਾ ਹੈ ? ਕੀ ਉਹ 1 ਕਿਲੋਮੀਟਰ ਤੋਂ ਵੀ ਜ਼ਿਆਦਾ ਲੰਬਾ ਹੁੰਦਾ ਹੈ ?
3. ਜੇਕਰ ਇੱਕ ਹੀ ਧਾਗੇ ਤੋਂ ਰੁਮਾਲ ਬਣਾਇਆ ਜਾਵੇ ਤਾਂ ਇਸ ਵਿੱਚ ਕਿੰਨਾ ਲੰਬਾ ਧਾਗਾ ਲੱਗੇਗਾ ?

ਬੱਚਿਆਂ ਨੂੰ 1 ਕਿਲੋਮੀਟਰ ਦੀ ਸੈਰ 'ਤੇ ਲੈ ਜਾਓ ਜਿਸ ਤੋਂ ਕਿ ਉਹਨਾਂ ਨੂੰ ਇੱਕ ਕਿਲੋਮੀਟਰ ਦੂਰੀ ਦਾ ਅੰਦਾਜ਼ਾ ਹੋਵੇ। ਇਹ ਵਧੀਆ ਰਹੇਗਾ ਜੇਕਰ ਰਸਤਾ ਬਿਲਕੁਲ ਸਿੱਧਾ ਹੋਵੇ।

## ਕਾਸ਼ ਇਹ ਹੋ ਸਕਦਾ



ਕਾਸ਼ ! ਮੈਂ ਇੱਕ ਪਤੰਗ ਹੁੰਦਾ
ਤਾਂ ਜੋ ਮੈਂ ਉੱਪਰ ਉੱਡ ਸਕਦਾ,
ਇਸ ਇਮਾਰਤ ਤੋਂ ਵੀ ਉੱਪਰ।

ਕਾਸ਼ ! ਮੈਂ ਇੱਕ ਚਿੜੀ ਹੁੰਦਾ
ਤਾਂ ਜੋ ਮੈਂ ਉੱਡ ਸਕਦਾ,
ਇਸ ਪਤੰਗ ਤੋਂ ਵੀ ਉੱਪਰ।

ਕਾਸ਼ ! ਮੈਂ ਇੱਕ ਬੱਦਲ ਹੁੰਦਾ
ਤਾਂ ਜੋ ਮੈਂ ਉੱਡ ਸਕਦਾ,
ਇਹਨਾਂ ਚਿੜੀਆਂ ਤੋਂ ਵੀ ਉੱਪਰ।

ਕਾਸ਼ ! ਮੈਂ ਇੱਕ ਹਵਾਈ ਜਹਾਜ਼ ਹੁੰਦਾ
ਤਾਂ ਜੋ ਮੈਂ ਬਹੁਤ ਉੱਪਰ ਉੱਡ ਸਕਦਾ,
ਬੱਦਲਾਂ ਅਤੇ ਪਹਾੜਾਂ ਤੋਂ ਵੀ ਉੱਪਰ।


### ਪਤਾ ਲਗਾਓ

1. ਤੁਸੀਂ ਸਭ ਤੋਂ ਉੱਚੀ ਇਮਾਰਤ ਕਿਹੜੀ ਵੇਖੀ ਹੈ ? ਉਹ ਕਿੰਨੇ ਕਮਰੇ ਉੱਚੀ ਹੈ ?
2. ਇੱਕ ਪਤੰਗ ਕਿੰਨੀ ਉੱਚੀ ਜਾ ਸਕਦੀ ਹੈ ? ਕੀ ਉਹ ਕੁਤੁਬ ਮੀਨਾਰ ਤੋਂ ਵੀ ਉੱਚੀ ਜਾ ਸਕਦੀ ਹੈ ?
3. ਇੱਕ ਹਵਾਈ ਜਹਾਜ਼ ਕਿੰਨਾ ਉੱਚਾ ਉੱਡ ਸਕਦਾ ਹੈ ? ਕੀ ਉਹ ਮਾਊਂਟ ਐਵਰੇਸਟ ਤੋਂ ਵੀ ਉੱਚਾ ਉੱਡ ਸਕਦਾ ਹੈ ਜਿਸਦੀ ਉੱਚਾਈ ਲਗਭਗ 9 ਕਿਲੋਮੀਟਰ ਹੈ ?
4. ਕੀ ਤੁਸੀਂ ਕਦੀ ਬੱਦਲਾਂ ਨੂੰ ਆਪਣੇ ਤੋਂ ਹੇਠਾਂ ਵੇਖਿਆ ਹੈ ?

ਬਹੁਤ ਵਧੀਆ ਰਹੇਗਾ ਜੇਕਰ ਬੱਚਿਆ ਦੇ ਤਜਰਬਿਆਂ (ਅਨੁਭਵਾਂ) ਦੀ ਚਰਚਾ ਕੀਤੀ ਜਾਵੇ, ਖਾਸ ਤੌਰ ਤੇ ਜਦੋਂ ਉਹ ਬੱਦਲਾਂ ਅਤੇ ਉਹਨਾਂ ਦੀ ਉੱਚਾਈ ਦੀਆਂ ਗੱਲਾਂ ਕਰ ਰਹੇ ਹੋਣ ਅਤੇ ਸੰਬੰਧਤ ਉੱਚਾਈ ਦਾ ਅਨੁਭਵ ਮਨ ਤੋਂ ਕਰਨ।

# 3 ਭੋਪਾਲ ਦੀ ਸੈਰ

ਅੱਜ ਸੁਗੰਧਾ ਬਹੁਤ ਖੁਸ਼ ਹੈ। ਉਸਦੇ ਸਕੂਲ ਦੇ ਸਾਰੇ ਬੱਚੇ ਅਧਿਆਪਕਾਂ ਦੇ ਨਾਲ ਭੋਪਾਲ ਘੁੰਮਣ ਜਾ ਰਹੇ ਹਨ। ਮੀਨਾਕਸ਼ੀ ਮੈਡਮ ਅਤੇ ਰਾਕੇਸ਼ ਸਰ ਗੱਲਾਂ ਕਰ ਰਹੇ ਹਨ ਕਿ ਕੁੱਲ ਕਿੰਨੀਆਂ ਬੱਸਾਂ ਚਾਹੀਦੀਆਂ ਹਨ ?



ਮੀਨਾਕਸ਼ੀ ਮੈਡਮ — ਸਾਨੂੰ ਚਾਰ ਬੱਸਾਂ ਚਾਹੀਦੀਆਂ ਹਨ।

ਰਾਕੇਸ਼ ਸਰ — ਮੈਨੂੰ ਲੱਗਦਾ ਹੈ ਕਿ ਪੰਜ ਦੀ ਜ਼ਰੂਰਤ ਪਵੇਗੀ।

ਮੀਨਾਕਸ਼ੀ ਮੈਡਮ — ਹਰ ਬੱਸ ਵਿੱਚ 50 ਸੀਟਾਂ ਹਨ।


ਰਾਕੇਸ਼ ਸਰ — ਪਹਿਲਾਂ ਪਤਾ ਕਰ ਲਓ ਕਿ ਕਿੰਨੇ ਬੱਚੇ ਜਾ ਰਹੇ ਹਨ।

| ਜਮਾਤ | ਬੱਚਿਆਂ ਦੀ ਗਿਣਤੀ |
|---|---|
| I | 33 |
| II | 32 |
| III | 42 |
| IV | 50 |
| V | 53 |
| | ______ |




- ਤਾਂ ਕੁੱਲ ਮਿਲਾ ਕੇ __________ ਬੱਚੇ ਜਾ ਰਹੇ ਹਨ।
- ਜੇਕਰ ਉਹਨਾਂ ਨੂੰ ਚਾਰ ਬੱਸਾਂ ਮਿਲਦੀਆਂ ਹਨ ਤੇ ਕਿੰਨੇ ਬੱਚੇ ਬੈਠ ਸਕਣਗੇ ? __________
- ਕੀ ਕੋਈ ਬੱਚਾ ਬੈਠਣ ਤੋਂ ਰਹਿ ਜਾਵੇਗਾ ?




ਬੱਚਿਆਂ ਨੂੰ ਪਹਿਲਾਂ ਅੰਦਾਜਾ ਲਗਾਉਣ, ਸੋਚਣ ਲਈ ਪ੍ਰੇਰਿਤ (ਉਤਸ਼ਾਹਿਤ) ਕੀਤਾ ਜਾਵੇ। ਉੱਤਰ ਲੱਭਣ ਲਈ ਉਹ ਕੋਈ ਵੀ ਤਰੀਕਾ ਅਪਣਾ ਸਕਦੇ ਹਨ। ਵਿਦਿਆਰਥੀਆਂ ਦੁਆਰਾ ਸੋਚੇ ਗਏ ਵੱਖ-ਵੱਖ ਤਰੀਕਿਆਂ 'ਤੇ ਚਰਚਾ ਕਰਨਾ ਜਰੂਰੀ ਹੀ ਹੈ।

## ਬੱਸਾਂ ਦੇ ਇੰਤਜ਼ਾਰ ਵਿੱਚ

ਸਾਹਿਬਾ ਵਾਰ-ਵਾਰ ਲਾਈਨ ਚੋਂ ਬਾਹਰ ਨਿਕਲ ਕੇ ਵੇਖ ਰਹੀ ਸੀ ਕਿ ਬੱਸ ਆ ਰਹੀ ਹੈ ਜਾਂ ਨਹੀਂ।ਅਚਾਨਕ ਉਹ ਜੋਰ ਨਾਲ ਬੋਲੀ-ਉਹ! ਮੈਨੂੰ ਬੱਸ ਦਿੱਖ ਗਈ ਹੈ। ਭੱਜੋ! ਖਿੜਕੀ ਵਾਲੀ ਸੀਟ 'ਤੇ ਕਬਜ਼ਾ ਕਰੋ।

ਦੂਜੇ ਬੱਚੇ ਵੀ ਜੋਸ਼ ਵਿੱਚ ਆ ਕੇ ਟਪੂਸੀਆਂ ਮਾਰਨ ਲੱਗ ਪਏ।ਪਰ ..........






ਹੁਣ ਬਹਿਸ ਸ਼ੁਰੂ ਹੋ ਗਈ।






ਹਰ ਛੋਟੀ ਬੱਸ ਵਿੱਚ 35 ਬੱਚੇ ਬੈਠ ਸਕਦੇ ਹਨ। ਸਾਰੇ ਬੱਚਿਆਂ ਦੇ ਬੈਠਣ ਦੇ ਲਈ ਕਿੰਨੀਆਂ ਛੋਟੀਆਂ ਬੱਸਾਂ ਦੀ ਜ਼ਰੂਰਤ ਪਵੇਗੀ ?__________



**ਸਫ਼ਰ ਸ਼ੁਰੂ ਹੋ ਗਿਆ।**

ਜਿਵੇਂ ਹੀ ਬੱਸਾਂ ਨੇ ਚਲਣਾ ਸ਼ੁਰੂ ਕੀਤਾ ਬੱਚੇ ਖੁਸ਼ੀ ਨਾਲ ਉਛਲਣ ਲੱਗੇ ਅਤੇ ਜੋਰ-ਜੋਰ ਨਾਲ ਗਾਉਣ ਲੱਗੇ। ਕੁੱਝ ਬੱਚੇ ਬਾਹਰ ਦੇ ਹਰੇ ਮੈਦਾਨਾਂ ਅਤੇ ਪਹਾੜਾਂ ਦੇ ਨਜਾਰਿਆਂ ਦਾ ਮਜਾ ਲੈ ਰਹੇ ਸੀ।

ਇੰਦਰ – ਅਸੀਂ ਭੋਪਾਲ ਕਦੋਂ ਪਹੁੰਚਾਂਗੇ ?

ਆਸ਼ਾ ਮੈਡਮ – ਜੇਕਰ ਅਸੀਂ ਰਸਤੇ ਵਿੱਚ ਕਿਤੇ ਨਾ ਰੁਕੇ, ਤਾਂ ਸਾਨੂੰ 2 ਘੰਟੇ ਵਿੱਚ ਪਹੁੰਚ ਜਾਣਾ ਚਾਹੀਦਾ ਹੈ। ਲਗਭਗ_____ਵਜੇ।

ਮਨਜੀਤ — ਕੀ ਇਹ ਬਹੁਤ ਦੂਰ ਹੈ ?

ਭੀਮਸੇਨ — ਲਗਭਗ 70 ਕਿਲੋਮੀਟਰ ਦੂਰ ਹੈ।

ਰੂਬੀ — ਕੀ ਅਸੀਂ ਰਸਤੇ ਵਿੱਚ ਕਿਤੇ ਰੁਕਾਂਗੇ ?

ਰਾਕੇਸ਼ ਸਰ — ਸ਼ਾਇਦ ਭੀਮ ਬੇਟਕਾ, ਇੱਥੋਂ ਲਗਭਗ 50 ਕਿਲੋਮੀਟਰ ਦੂਰ।

* ਜੇਕਰ ਉਹ ਭੀਮਬੇਟਕਾ ਤੱਕ ਜਾਣ ਤਾਂ ਉਹ ਉੱਥੇ ਪਹੁੰਚਣਗੇ
  - 10 ਵਜੇ ਤੋਂ ਪਹਿਲਾਂ
  - 10 ਵਜੇ ਤੋਂ 11 ਵਜੇ ਦੇ ਵਿੱਚ
  - 11 ਵਜੇ ਤੋਂ ਬਾਅਦ

ਜਦੋਂ ਉਹ ਸਾਰੇ ਗੱਲਾਂ ਕਰ ਰਹੇ ਸਨ, ਬਹਾਦਰ ਚੀਖਿਆ-ਵਾਹ ! ਨਰਮਦਾ ਨਦੀ। ਸਾਰੇ ਖਿੜਕੀ ਤੋਂ ਬਾਹਰ ਵੇਖਣ ਲੱਗੇ।

ਰੂਬੀ — ਵਾਹ ! ਕਿੰਨੀ ऽऽ.... ਲੰਬੀ ਅਤੇ ਕਿੰਨੀ ऽऽ.... ਚੌੜੀ ਹੈ।
ਚਲੋ ਅੰਦਾਜ਼ਾ ਲਾਈਏ ਕਿੰਨੀ ਚੌੜੀ ਹੋਵੇਗੀ।



ਗੋਪੀ — ਅSSSS....100 ਮੀਟਰ ? ਨਹੀਂ ਹੋਰ ਵੀ ਜ਼ਿਆਦਾ।ਪਤਾ ਨਹੀਂ ਕਿੰਨੀ!

ਵਿਕਟੋਰੀਆ — ਇਹ ਜਰੂਰ ਹੀ ਅੱਧਾ ਕਿਲੋਮੀਟਰ ਤੋਂ ਜ਼ਿਆਦਾ ਹੋਵੇਗੀ।

ਆਸ਼ਾ ਮੈਡਮ — ਵੇਖੋ, ਇੱਥੇ ਲਿਖਿਆ ਹੈ – 'ਇਹ ਪੁਲ 756.82 ਮੀਟਰ ਲੰਬਾ ਹੈ। ਇਸ ਲਈ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਨਰਮਦਾ ਨਦੀ ਲਗਭਗ 500 ਮੀਟਰ ਚੌੜੀ ਹੋਵੇਗੀ।



* ਕੀ ਵਿਕਟੋਰੀਆ ਸਹੀ ਸੀ ?

ਸ਼ਰਨ — ਮੈਂ ਤਾਂ ਸੋਚ ਵੀ ਨਹੀਂ ਸਕਦਾ 500 ਮੀਟਰ।

ਆਸ਼ਾ ਮੈਡਮ — ਵੇਖੋ ਸਾਡੀ ਬੱਸ ਲਗਭਗ 5 ਮੀਟਰ ਲੰਬੀ ਹੈ। ਸੋਚੋ ਇਸ ਪੁੱਲ 'ਤੇ ਇੱਕ ਦੇ ਪਿੱਛੇ ਇੱਕ ਕਿੰਨੀਆਂ ਬੱਸਾਂ ਖੜੀਆਂ ਹੋ ਸਕਦੀਆਂ ਹਨ।

* ਕੀ ਤੁਸੀਂ ਕਦੀ ਕਿਸੇ ਲੰਬੇ ਪੁਲ ਨੂੰ ਪਾਰ ਕੀਤਾ ਹੈ ? ਉਹ ਲਗਭਗ ਕਿੰਨੇ ਮੀਟਰ ਲੰਬਾ ਹੋਵੇਗਾ ?__________

ਫਿਰ ਸਾਰੇ ਬੱਚੇ ਪੁੱਲ ਦੇ ਹੇਠਾਂ ਝਾਕਦੇ ਹੋਏ ਨਦੀ ਨੂੰ ਵੇਖਣ ਲੱਗੇ।


ਰਾਕੇਸ਼ ਸਰ — ਹੁਣ ਪਾਣੀ ਦਾ ਪੱਧਰ ਕਾਫ਼ੀ ਨੀਵਾਂ ਹੈ। ਇਹ ਪੁਲ ਤੋਂ ਲਗਭਗ 40 ਮੀਟਰ ਨੀਵਾਂ ਹੋਵੇਗਾ।

ਆਸ਼ਾ ਮੈਡਮ — ਪਰ ਮੈਂ ਇਸ ਪਾਣੀ ਨੂੰ ਬਰਸਾਤ ਵਿੱਚ ਵੇਖਿਆ ਹੈ ਤਾਂ ਇਹ ਬਹੁਤ ਉੱਪਰ ਤੱਕ ਆ ਗਿਆ ਸੀ। ਉਸ ਸਮੇਂ ਇਹ ਪੁਲ ਤੋਂ ਲਗਭਗ 15 ਮੀਟਰ ਥੱਲੇ ਸੀ।



* ਨਰਮਦਾ ਦੇ ਪਾਣੀ ਦੇ ਪੱਧਰ ਵਿੱਚ ਬਰਸਾਤ ਦੇ ਮੌਸਮ ਅਤੇ ਹੁਣ ਦੇ ਮੌਸਮ ਦੇ ਵਿੱਚ ਕਿੰਨਾ ਅੰਤਰ ਹੈ ?__________ ਮੀਟਰ

ਬੱਚੇ ਨਦੀ ਦੇ ਬਾਰੇ ਵਿੱਚ ਥੋੜੀ ਦੇਰ ਤੱਕ ਗੱਲਾਂ ਕਰਦੇ ਰਹੇ।......



ਅਚਾਨਕ ਇਕ ਝਟਕੇ ਨਾਲ ਬੱਸ ਰੁਕੀ।

ਉਹ ! ਪੈਟਰੋਲ ਪੰਪ । ਦੋ ਬੱਸਾਂ ਵਿੱਚ ਡੀਜ਼ਲ ਪਵਾਉਣਾ ਹੋਵੇਗਾ।

ਸਾਰੀਆਂ ਬੱਸਾਂ ਇਕ ਲਾਈਨ ਵਿੱਚ ਖੜੀਆਂ ਹੋ ਗਈਆਂ। ਬੱਚੇ ਖਿੜਕੀ ਤੋਂ ਗਰਦਨ ਬਾਹਰ ਕੱਢ ਕੇ ਵੇਖਣ ਲੱਗੇ ਕਿ ਡੀਜ਼ਲ ਕਿਵੇਂ ਭਰਿਆ ਜਾਂਦਾ ਹੈ। ਕੁੱਝ ਬੱਚੇ ਹੇਠਾਂ ਉਤਰ ਆਏ ਤਾਂ ਜੋ ਉਹ ਕੋਲ ਤੋਂ ਵੇਖ ਸਕਣ।

- ਹਰ ਇਕ ਬੱਸ ਵਿਚ ਡੀਜ਼ਲ ਭਰਨ ਵਿੱਚ 15 ਮਿੰਟ ਲਗਦੇ ਹਨ ਅਤੇ ਦੋ ਬੱਸਾਂ ਵਿੱਚ ਡੀਜ਼ਲ ਭਰਵਾਉਣਾ ਹੈ। ਇਸ ਲਈ ਉਹ ਲੋਕ ਉੱਥੇ ਲਗਭਗ ________ ਮਿੰਟ ਰੁਕਣਗੇ। ਇਸਦਾ ਮਤਲਬ ਕਿ ਉਹਨਾਂ ਨੂੰ ਪਹੁੰਚਣ ਵਿੱਚ ______ ਮਿੰਟ ਦੀ ਦੇਰ ਹੋ ਜਾਵੇਗੀ।




- ਚਿੱਤਰ ਵਿੱਚ ਵੇਖੋ ਅਤੇ 1 ਲੀਟਰ ਡੀਜ਼ਲ ਦਾ ਮੁੱਲ ਪਤਾ ਕਰੋ। ______

ਜਦੋਂ ਬੱਸਾਂ ਵਿੱਚ ਡੀਜ਼ਲ ਭਰਿਆ ਜਾ ਰਿਹਾ ਸੀ, ਕੁੱਝ ਬੱਚੇ ਪੈਟਰੋਲ ਪੰਪ ਦੇ ਕੋਲ ਟਾਇਲਟ ਚਲੇ ਗਏ।

ਅਮਨ ਨੂੰ ਟਾਇਲਟ ਚੋਂ ਬਾਹਰ ਆਉਣ ਵਿੱਚ ਕਿੰਨਾ ਸਮਾਂ ਲੱਗਿਆ ? ________



**ਭੀਮ ਬੇਟਕਾ ਵੱਲ**

ਬੱਸਾਂ ਵਿੱਚ ਡੀਜ਼ਲ ਭਰਵਾਉਣ ਤੋਂ ਬਾਅਦ, ਸਫ਼ਰ ਫਿਰ ਸ਼ੁਰੂ ਹੋ ਗਿਆ। ਹੁਣ ਬੱਚਿਆਂ ਨੂੰ ਇਹ ਦੱਸਿਆ ਗਿਆ ਕਿ ਉਹ ਪਹਿਲਾਂ ਭੀਮ ਬੇਟਕਾ ਰੁਕਣਗੇ।

ਅੰਜਨ — ਭੀਮ ਬੇਟਕਾ ਕੀ ਹੈ ?

ਰੈਨਾ ਮੈਡਮ — ਇਹ ਇੱਕ ਜਗ੍ਹਾ ਹੈ ਜਿੱਥੇ ਬਹੁਤ ਸਾਰੀਆਂ ਗੁਫਾਵਾਂ ਹਨ ਅਤੇ ਗੁਫਾਵਾਂ ਵਿੱਚ ਚਿੱਤਰਕਾਰੀ ਕੀਤੀ ਗਈ ਹੈ ਜਿਨ੍ਹਾਂ ਨੂੰ ਦਸ ਹਜ਼ਾਰ ਸਾਲ ਪਹਿਲਾਂ ਬਣਾਇਆ ਗਿਆ ਸੀ।

ਸੁਮੋਤੋ — ਦਸ ਹ...ਜ਼ਾ...ਰ ਸਾਲ ! ਮੈਂ ਤਾਂ ਇੱਕ ਹਜ਼ਾਰ ਸਾਲ ਪਹਿਲਾਂ ਬਾਰੇ ਵੀ ਨਹੀਂ ਸੋਚ ਸਕਦਾ।

ਗੋਪੀ — ਉਹ ! ਇੱਕ ਹਜ਼ਾਰ ਸਾਲ ਤਾਂ ਬਹੁਤ ਹੁੰਦੇ ਹਨ। ਮੈਂ ਤਾਂ ਸੌ ਸਾਲ ਪਹਿਲਾਂ ਬਾਰੇ ਵੀ ਨਹੀਂ ਸੋਚ ਸਕਦਾ।

ਗੌਰੀ — ਮੈਂ 100 ਸਾਲ ਦੇ ਬਾਰੇ ਸੋਚ ਸਕਦੀ ਹਾਂ ਕਿਉਂਕਿ ਮੇਰੇ ਪਿਤਾ ਜੀ ਦੀ ਦਾਦੀ ਮਾਂ 100 ਸਾਲ ਦੀ ਹੈ।

ਮਨਜੀਤ — ਇਸਦਾ ਮਤਲਬ ਇਹ ਗੁਫਾਵਾਂ ਲਗਭਗ 100 ਸਾਲ ਪੜਦਾਦੀ ਮਾਂ ਜਿੰਨੀਆਂ ਪੁਰਾਣੀਆਂ ਹਨ।

ਸਾਰੇ ਜੋਰ-ਜੋਰ ਨਾਲ ਹੱਸ ਪਏ-ਹਾ ! ਹਾ ! ਹਾ !


ਬੱਚੇ ਗੁਫਾਵਾਂ ਵਿੱਚ ਕੀਤੀ ਗਈ ਚਿੱਤਰਕਾਰੀ ਨੂੰ ਵੇਖਣਾ ਚਾਹੁੰਦੇ ਸੀ।

ਲਗਭਗ 11 ਵਜੇ ਉਹ ਭੀਮ ਬੇਟਕਾ ਪਹੁੰਚੇ।



ਸ਼ੰਕਰ — ਇਸ ਚਿੱਤਰ ਵਿੱਚ ਬਹੁਤ ਵੱਡੇ-ਵੱਡੇ ਸਾਨ੍ਹ ਬਣੇ ਹਨ। ਉਹ ਮੈਨੂੰ ਇੱਕ ਗੱਲ ਸੁੱਝੀ ਹੈ। ਇਹਨਾਂ ਚਿੱਤਰਾਂ ਵਿੱਚੋਂ ਮੈਂ ਸਾਨ੍ਹਾਂ ਨੂੰ ਗਿਣਦਾ ਹਾਂ ਅਤੇ ਤੁਸੀਂ ਹਿਰਣਾਂ ਨੂੰ ਗਿਣੋ।

ਬੋਨੋਮਾਲਾ — ਮੈਂ ਲੋਕਾਂ ਨੂੰ ਗਿਣਦੀ ਹਾਂ। ਵੇਖਦੇ ਹਾਂ ਕੌਣ ਜ਼ਿਆਦਾ ਹਨ— ਸਾਨ੍ਹ, ਹਿਰਣ ਜਾਂ ਲੋਕ।




✤ ਇੱਥੇ ਸਾਨ੍ਹਾਂ ਤੋਂ ਹਿਰਣ ਕਿੰਨੇ ਜ਼ਿਆਦਾ ਹਨ ?______________

ਪਰ ਬੋਨੋਮਾਲਾ ਸਭ ਤੋਂ ਜਿਆਦਾ ਖੁਸ਼ ਸੀ ਕਿਉਂਕਿ ਲੋਕਾਂ ਦੀ ਸੰਖਿਆ ਸਾਨ੍ਹਾਂ ਅਤੇ ਹਿਰਣਾਂ ਦੀ ਸੰਖਿਆ ਦੋਵਾਂ ਨੂੰ ਮਿਲਾ ਕੇ ਉਹਨਾਂ ਤੋਂ ਜ਼ਿਆਦਾ ਸੀ। ਪਰ ਉਸਦੀ ਗਿਣਤੀ 200 ਤੋਂ ਘੱਟ ਸੀ।

✤ ਉਸਨੇ ਕਿੰਨੇ ਲੋਕਾਂ ਨੂੰ ਗਿਣਿਆ ਹੋਵੇਗਾ ?

**214 / 154 / 134 / 177**

ਗਾਈਡ ਨੇ ਦੱਸਿਆ ਕਿ ਇੱਥੇ ਕੁੱਲ ਮਿਲਾ ਕੇ 600 ਗੁਫ਼ਾ ਚਿੱਤਰ ਹਨ।

ਹੁਣ ਭੀਮਬੇਟਕਾਂ ਤੋਂ ਤੁਰਨ ਦਾ ਸਮਾਂ ਹੋ ਗਿਆ ਸੀ।

✤ ਉਹ ਉੱਥੇ ਲਗਭਗ ਇੱਕ ਘੰਟਾ ਬਿਤਾ ਚੁੱਕੇ ਸਨ। ਕਿੰਨੇ ਵਜੇ ਹੋਣਗੇ ?__________

ਆਖ਼ਰਕਾਰ ਹੁਣ ਉਹ ਭੋਪਾਲ ਵੱਲ ਚਲ ਪਏ। ਹੁਣ ਉਨ੍ਹਾਂ ਨੂੰ ਉੱਥੇ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਲਗਭਗ__________ ਵਜੇ ਪਹੁੰਚ ਜਾਣਾ ਚਾਹੀਦਾ ਹੈ।

## ਭੋਜਨ ਦਾ ਸਮਾਂ





ਬੱਚਿਆਂ ਨੂੰ ਹੁਣ ਤੱਕ ਭੁੱਖ ਲੱਗ ਚੁੱਕੀ ਸੀ। ਇਸ ਲਈ ਉਹਨਾਂ ਨੇ ਆਪਣੇ-ਆਪਣੇ ਖਾਣੇ ਦੇ ਡੱਬੇ ਖੋਲ ਲਏ। ਬਿਸਕੁਟ, ਸੰਤਰੇ ਅਤੇ ਕੇਲੇ ਵੀ ਸਾਰੀਆਂ ਬੱਸਾਂ ਵਿੱਚ ਵੰਡ ਦਿੱਤੇ ਗਏ।




ਹਰੇਕ ਬੱਚੇ ਨੂੰ 1 ਸੰਤਰਾ, 1 ਕੇਲਾ ਅਤੇ 5 ਬਿਸਕੁਟ ਦਿੱਤੇ ਗਏ।



ਸਾਰੇ ਬੱਚਿਆਂ ਨੇ ਸੰਤਰੇ ਅਤੇ ਬਿਸਕੁਟ ਲਏ ਪਰ 38 ਬੱਚਿਆਂ ਨੇ ਕੇਲੇ ਨਹੀਂ ਲਏ।

- ਕਿੰਨੇ ਸੰਤਰੇ, ਬਿਸਕੁਟ ਅਤੇ ਕੇਲੇ ਵੰਡੇ ਗਏ ?

ਮਨਜੀਤ ਅਤੇ ਭਾਨੂ ਨੇ ਜਲਦੀ ਜਲਦੀ ਆਪਣਾ ਖਾਣਾ ਖਾਧਾ ਅਤੇ ਸਮਾਂ ਬਤੀਤ ਕਰਨ ਲਈ ਬੁਝਾਰਤਾਂ ਪਾਉਣ ਲੱਗੇ।



ਮਨਜੀਤ — ਮੈਨੂੰ ਉਹ ਸੰਖਿਆ ਦੱਸੋ ਜੋ 100 ਅਤੇ 150 ਦੇ ਬਿਲਕੁਲ ਵਿਚਕਾਰ ਪੈਂਦੀ ਹੈ।

ਭਾਨੂ — 120...ਨਹੀਂ, 130...ਨਹੀਂ ਇਹ 125 ਹੋਵੇਗਾ.

ਮਨਜੀਤ — ਬਿਲਕੁਲ ਠੀਕ ! ਹੁਣ ਤੁਸੀਂ ਪੁੱਛੋ।

ਫਿਰ ਹੋਰ ਬੱਚੇ ਵੀ ਉਹਨਾਂ ਵਿੱਚ ਸ਼ਾਮਲ ਹੋ ਗਏ। ਉਹ ਸਾਰੇ ਤਰ੍ਹਾਂ-ਤਰ੍ਹਾਂ ਦੀਆਂ ਬੁਝਾਰਤਾਂ ਪਾਉਣ ਲੱਗੇ।




* ਬੱਚਿਆਂ ਨੂੰ ਇਸ ਤਰ੍ਹਾਂ ਹੋਰ ਜ਼ਿਆਦਾ ਧਿਆਨ ਅਤੇ ਬੁਝਾਰਤਾਂ ਮੌਖਿਕ ਰੂਪ ਅਤੇ ਲਿਖ ਕੇ ਹੱਲ ਕਰਨ ਲਈ ਕਿਹਾ ਜਾ ਸਕਦਾ ਹੈ। ਉਹਨਾਂ ਨੂੰ ਹੱਲ ਕਰਨ ਦੇ ਲਈ ਕਲਾਸ ਵਿਚ ਸਿਖਾਏ ਗਏ ਤਰੀਕੇ ਸਮਝਣ ਦੇ ਲਈ ਵੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਜਿਵੇਂ ਕਿ ਬੁਝਾਰਤ A ਦੇ ਲਈ ਐਲਗੋਰਿਥਮ 4 x 4 - 3=? ਬਣੇਗੀ।



**D**

ਅਜਿਹੀ ਸੰਖਿਆ ਸੋਚੋ ਜੋ 2, 3 ਅਤੇ 5 ਨਾਲ ਭਾਗ ਹੋ ਜਾਵੇ ਅਤੇ 25 ਤੇ 50 ਦੇ ਵਿੱਚਕਾਰ ਹੋਵੇ ?

**E**

ਇੱਕ ਛੋਟੀ ਕੀੜੀ 3 ਸੈਂਟੀਮੀਟਰ 1 ਮਿੰਟ ਵਿੱਚ ਚੜਦੀ ਹੈ ਅਤੇ ਉਸਨੂੰ 2 ਸੈਂਟੀਮੀਟਰ ਚੜਨ ਵਿੱਚ ਕਿੰਨਾ ਸਮਾਂ ਲੱਗੇਗਾ ?

ਕੀ ਤੁਸੀਂ ਵੀ ਇਹਨਾਂ ਨੂੰ ਹੱਲ ਕਰ ਸਕਦੇ ਹੋ ? ਕੋਸ਼ਿਸ਼ ਕਰਕੇ ਦੇਖੋ।

## ਅਸੀਂ ਕਿਹੜੀ ਕਿਸ਼ਤੀ ਵਿੱਚ ਬੈਠੀਏ ?


ਬੱਚੇ ਬੁਝਾਰਤਾਂ ਵਿੱਚ ਇੰਨੇ ਰੁੱਝ ਗਏ ਸੀ ਕਿ ਉਹਨਾਂ ਨੂੰ ਪਤਾ ਵੀ ਨਹੀਂ ਚੱਲਿਆ ਕਿ ਉਹ ਕਦੋਂ ਤਲਾਅ ਦੇ ਕੋਲ ਪਹੁੰਚ ਗਏ, ਇਹ ਇਕ ਵੱਡਾ ਤਲਾਅ ਸੀ ਜਿਸਦੇ ਵਿੱਚ ਇਕ ਛੋਟਾ ਟਾਪੂ ਬਣਿਆ ਹੋਇਆ ਸੀ।

ਤਲਾਅ ਉਸ ਸਮੇਂ ਬਹੁਤ ਸੁੰਦਰ ਲੱਗ ਰਿਹਾ ਸੀ। ਉਸ ਵਿੱਚ ਬਹੁਤ ਸਾਰੀਆਂ ਬੱਤਖਾਂ ਸ਼ੋਰ ਕਰ ਰਹੀਆਂ ਸਨ।ਕੁੱਝ ਬੱਚਿਆਂ ਨੇ ਉਹਨਾਂ ਨੂੰ ਪੋਪ ਕੌਰਨ (ਫੁੱਲੇ) ਖਵਾਏ।



ਉਸ ਤੋਂ ਬਾਅਦ ਆਇਆ ਸਭ ਤੋਂ ਮਜੇਦਾਰ ਸਮਾਂ, ਕਿਸ਼ਤੀ ਵਿੱਚ ਘੁੰਮਣ ਦਾ।ਉਹਨਾਂ ਨੇ ਕਿਸ਼ਤੀ ਨੂੰ ਚੁਣਨਾ ਸੀ ਜੋ ਅਸਾਨ ਨਹੀਂ ਸੀ।

ਉੱਥੇ ਵੱਖ-ਵੱਖ ਤਰ੍ਹਾਂ ਦੀਆਂ ਕਿਸ਼ਤੀਆਂ ਸਨ ਜਿਨ੍ਹਾਂ ਦੀਆਂ ਟਿਕਟਾਂ ਦੇ ਮੁੱਲ ਵੀ ਵੱਖਰੇ-ਵੱਖਰੇ ਸਨ ਅਤੇ ਉਹਨਾਂ ਦੇ ਚੱਕਰਾਂ ਦਾ ਸਮਾਂ ਵੀ ਵੱਖਰਾ-ਵੱਖਰਾ ਸੀ।



| | ਕਿਸ਼ਤੀ ਦਾ ਨਾਂ | ਟਿਕਟ ਦਾ ਮੁੱਲ (ਪ੍ਰਤੀ ਬੱਚਾ) | ਸਮਾਂ |
|---|---|---|---|
| 1. | ਡਬਲ ਡੇਕਰ | 30 ਰੁਪਏ | 45 ਮਿੰਟ |
| 2. | ਪੈਡਲ ਕਿਸ਼ਤੀ | 15 ਰੁਪਏ | 30 ਮਿੰਟ |
| 3. | ਮੋਟਰ ਕਿਸ਼ਤੀ | 25 ਰੁਪਏ | 20 ਮਿੰਟ |
| 4. | ਚੱਪੂ ਵਾਲੀ ਕਿਸ਼ਤੀ | 15 ਰੁਪਏ | 45 ਮਿੰਟ |




ਟਿਕਟ ਦਾ ਮੁੱਲ ਸਮੇਂ ਆਦਿ ਦੀ ਦਿੱਤੀ ਗਈ ਸੂਚੀ 'ਤੇ ਅਧਾਰਿਤ ਪ੍ਰਸ਼ਨ ਕਿਤਾਬ ਵਿੱਚ ਦਿੱਤੇ ਗਏ ਹਨ। ਬੱਚਿਆਂ ਨੂੰ ਅਜਿਹੇ ਹੀ ਹੋਰ ਜਿਆਦਾ ਪ੍ਰਸ਼ਨ ਆਪ ਬਨਾਉਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।



- ਇੰਦਰਾ ਅਤੇ ਭਾਨੂ ਪਹਿਲਾਂ ਮੋਟਰ ਕਿਸ਼ਤੀ ਵਿੱਚ ਗਏ ਫਿਰ ਉਹਨਾਂ ਨੇ ਚੱਪੂ ਵਾਲੀ ਕਿਸ਼ਤੀ ਲੈ ਲਈ।

  ਉਹਨਾਂ ਨੇ ਕੁੱਲ ਮਿਲਾ ਕੇ ਦੋਵਾਂ ਕਿਸ਼ਤੀਆਂ ਵਿੱਚ ਕਿੰਨੇ ਪੈਸੇ ਦਿੱਤੇ ?........... ਰੁਪਏ

  ਉਹਨਾਂ ਨੂੰ ਦੋਵੇਂ ਕਿਸ਼ਤੀਆਂ ਚਲਾਉਣ ਲਈ ਕਿੰਨਾ ਸਮਾਂ ਮਿਲਿਆ ?......... ਰੁਪਏ
- ਬੱਚਿਆਂ ਦਾ ਇੱਕ ਸਮੂਹ ਡਬਲ ਡੈਕਰ ਕਿਸ਼ਤੀ ਵਿੱਚ ਗਿਆ। ਉਹਨਾਂ ਕੁੱਲ ਮਿਲਾ ਕੇ 450 ਰੁਪਏ ਦਿੱਤੇ। ਕਿੰਨੇ ਬੱਚੇ ਡਬਰ ਡੈਕਰ ਵਿੱਚ ਗਏ ?...........
- ਕਿਹੜੀ ਕਿਸ਼ਤੀ ਇੱਕ ਘੰਟੇ ਵਿੱਚ ਦੋ ਚੱਕਰ ਲਗਾਉਂਦੀ ਹੈ ?
- ਕਿਹੜੀ ਕਿਸ਼ਤੀ ਅੱਧੇ ਘੰਟੇ ਤੋਂ ਘੱਟ ਸਮੇਂ ਵਿੱਚ ਚੱਕਰ ਲਾਉਂਦੀ ਹੈ ?
- ਕਿਹੜੀ ਕਿਸ਼ਤੀ ਨੂੰ ਚਲਾਉਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਿਆਦਾ ਸਮਾਂ ਮਿਲਿਆ ਅਤੇ ਘੱਟ ਪੈਸੇ ਦੇਣੇ ਪਏ ?
- ਜਾਵੇਦ ਨੇ ਦੋ ਵਾਰ ਕਿਸ਼ਤੀ ਚਲਾਈ। ਉਸਨੇ ਕੁੱਲ 40 ਰੁਪਏ ਦਿੱਤੇ ਅਤੇ 50 ਮਿੰਟ ਕਿਸ਼ਤੀ ਚਲਾਈ। ਉਸਨੇ ਕਿਹੜੀਆਂ-ਕਿਹੜੀਆਂ ਦੋ ਕਿਸ਼ਤੀਆਂ ਲਈਆਂ।

**ਵਾਪਸੀ**



ਬੱਚੇ ਚਾਰ ਵਜੇ ਤੱਕ ਅਲੱਗ-ਅਲੱਗ ਕਿਸ਼ਤੀਆਂ ਚਲਾਉਂਦੇ ਰਹੇ। ਹੁਣ ਵਾਪਸ ਪਰਤਣ ਦਾ ਸਮਾਂ ਹੋ ਗਿਆ ਸੀ। ਮੁੜਦੇ ਹੋਏ ਕਿਤੇ ਨਹੀਂ ਰੁਕਣਗੇ ਅਤੇ ਦੋ ਘੰਟੇ ਵਿੱਚ ਪਹੁੰਚ ਜਾਣਗੇ ਤਦ ਉਹਨਾਂ ਨੂੰ ਹੋਸ਼ੰਗਾਬਾਦ ................ ਵਜੇ ਤੱਕ ਪਹੁੰਚ ਜਾਣਾ ਚਾਹੀਦਾ ਹੈ।

## ਪਤਾ ਕਰੋ

ਕੀ ਤੁਸੀਂ ਕਦੀ ਸਕੂਲ ਟੂਰ ਤੇ ਗਏ ਹੋ ? ਕੁੱਲ ਮਿਲਾ ਕੇ ਕਿੰਨੇ ਬੱਚੇ ਗਏ ਸੀ ? ਤੁਸੀਂ ਕਿਵੇਂ ਗਏ ਸੀ ਅਤੇ ਕਿੰਨੀ ਦੂਰ ਗਏ ਸੀ ? ਉਸ ਵਿੱਚ ਕਿੰਨਾ ਸਮਾਂ ਲੱਗਿਆ ਸੀ ? ਹਰੇਕ ਬੱਚੇ ਦੇ ਸਫ਼ਰ ਦਾ ਕਿੰਨਾ ਖਰਚਾ ਆਇਆ ? ਪਤਾ ਕਰਨ ਦੀ ਕੋਸ਼ਿਸ਼ ਕਰੋ।



## ਅਭਿਆਸ

1. ਦਿੱਤੇ ਗਏ ਚਾਰ ਪੁਰਾਣੇ ਗੁਫ਼ਾ ਚਿੱਤਰਾਂ ਵਿੱਚੋਂ ਸਭ ਤੋਂ ਪੁਰਾਣਾ ਕਿਹੜਾ ਹੈ ?
   - ੳ) 4200 ਸਾਲ ਪੁਰਾਣਾ
   - ੲ) 8500 ਸਾਲ ਪੁਰਾਣਾ
   - ਅ) 1000 ਸਾਲ ਪੁਰਾਣਾ
   - ਸ) 1300 ਸਾਲ ਪੁਰਾਣਾ

2. ਇੱਕ ਬੱਸ ਵਿੱਚ 48 ਬੱਚੇ ਜਾ ਸਕਦੇ ਹਨ। ਤਿੰਨ ਬੱਸਾਂ ਵਿੱਚ ਲਗਭਗ ਕਿੰਨੇ ਬੱਚੇ ਜਾ ਸਕਦੇ ਹਨ ?
   - ੳ) 100
   - ਅ) 200
   - ੲ) 150

3. ਸੰਖਿਆਵਾਂ ਦਾ ਕਿਹੜਾ ਜੋੜਾ 500 ਤੋਂ ਵੱਧ ਬਣਦਾ ਹੈ ?
   - ੳ) 152 ਅਤੇ 241
   - ੲ) 99 ਅਤੇ 299
   - ਅ) 321 ਅਤੇ 192
   - ਸ) 401 ਅਤੇ 91

4. ਕਿਹੜੇ ਸਮੇਂ ਕੀ ਹੋਇਆ ਸੀ ? ਮਿਲਾਣ ਕਰੋ।

| | |
|---|---|
| ਨਰਮਦਾ ਨਦੀ ਨੂੰ ਪਾਰ ਕਰਨਾ | 3:00 p.m. |
| ਭੀਮ ਬੇਟਕਾ ਦੇ ਚਿੱਤਰ ਵੇਖਣਾ | 6:00 p.m. |
| ਪਟਰੋਲ ਪੰਪ ਤੇ | 9:10 a.m. |
| ਤਲਾਅ ਵਿੱਚ ਬੋਟਿੰਗ | 12:30 p.m. |
| ਦਿਨ ਦਾ ਭੋਜਨ | 11:30 a.m. |
| ਹੋਸ਼ੰਗਾਬਾਦ ਵਾਪਸੀ | 9:30 a.m. |

# 4 ਟਿੱਕ-ਟਿੱਕ-ਟਿੱਕ

ਪੰਪੋਸ਼ ਅਤੇ ਸ਼ਾਜੀਆ ਗੱਲਾਂ ਕਰ ਰਹੇ ਸਨ ਕਿ ਉਹਨਾਂ ਵਿਚੋਂ ਕਿਸਦਾ ਘਰ ਜ਼ਿਆਦਾ ਦੂਰ ਹੈ।









## ਅਭਿਆਸ


1) ਇੱਥੇ ਦਿੱਤਾ ਗਿਆ ਹੈ ਕਿ ਤਿੰਨ ਦੋਸਤ ਕਿਸ ਤਰ੍ਹਾਂ ਘੜੀ ਵਿੱਚ ਸਮਾਂ ਵੇਖਦੇ ਹਨ। ਦੱਸੋ ਕਿਹੜਾ ਠੀਕ ਹੈ ?

| | ਚੀਕੂ | ਬਿੱਟੂ | ਪਿੰਕੀ |
|---|---|---|---|
|  | 2:03 | 12:15 | 3:00 |
|  | 7:25 | 5:07 | 5:35 |
|  | 3:35 | 7:03 | 7:15 |

2) ਹੇਠਾਂ ਦਿੱਤੇ ਸਮੇਂ ਨੂੰ ਘੜੀ ਵਿੱਚ ਦਿਖਾਓ।




3:10




6:40




4:45



2:20



3:15




7:35

ਕੀ ਤੁਹਾਨੂੰ ਅਸਮਾਨ ਨੂੰ ਵੇਖਣਾ ਚੰਗਾ ਲੱਗਦਾ ਹੈ ? ਜੇਕਰ ਹਾਂ ਤਾਂ ਤੁਹਾਨੂੰ ਇਸ ਵਿੱਚ ਬਹੁਤ ਮਜਾ ਆਵੇਗਾ ...............

ੳ) ਤੁਹਾਡੇ ਇੱਥੇ ਸੂਰਜ ਕਿਸ ਸਮੇਂ ਨਿਕਲਦਾ ਹੈ। ............

ਅ) ਸੂਰਜ ਕਿਸ ਸਮੇਂ ਛਿਪਦਾ ਹੈ ?.............



ਕੀ ਹਰ ਦਿਨ ਸੂਰਜ ਨਿਕਲਣ ਅਤੇ ਛਿਪਣ ਦਾ ਸਮਾਂ ਇੱਕੋ ਜਿਹਾ ਰਹਿੰਦਾ ਹੈ ? ਅਖ਼ਬਾਰ ਵਿੱਚ ਵੇਖੋ ਅਤੇ ਉਸ ਵਿੱਚ ਵੇਖੋ ਕਿ ਅਲੱਗ-ਅਲੱਗ ਮਹੀਨਿਆਂ ਵਿੱਚ ਸੂਰਜ ਕਦੋਂ ਨਿਕਲਿਆ ਹੈ ਅਤੇ ਕਦੋਂ ਛਿਪਿਆ ਹੈ।


ਫੋਟੋ ਨੂੰ ਵੇਖੋ ਅਤੇ ਅੰਦਾਜ਼ਾ ਲਗਾਓ ਕਿ ਇਸ ਜਗ੍ਹਾ 'ਤੇ ਕੀ ਸਮਾਂ ਹੋਵੇਗਾ।



ਇਹ ਫਰਾਂਸ ਦੇ ਪੈਰਿਸ ਸ਼ਹਿਰ ਦੀ ਕਿਸੇ ਥਾਂ ਦੀ ਤਸਵੀਰ ਹੈ। ਇਸ ਜਗ੍ਹਾ ਗਰਮੀਆਂ ਵਿੱਚ ਸੂਰਜ ਰਾਤ ਨੂੰ ਨੌਂ ਵਜੇ ਤੋਂ ਬਾਅਦ ਛਿਪਦਾ ਹੈ। ਉੱਪਰ ਬਣੀ ਫੋਟੋ ਰਾਤ ਵੇਲੇ ਖਿੱਚੀ ਗਈ ਹੈ। ਪਰ ਸਰਦੀਆਂ ਵਿੱਚ ਇੱਥੇ ਸ਼ਾਮ 4 ਵਜੇ ਹੀ ਹਨੇਰਾ ਹੋ ਜਾਂਦਾ ਹੈ।

**3) ਪਤਾ ਕਰੋ**

* ਪਹਿਲੀ ਘੜੀ ਵਿੱਚ ਦਿਖਾਏ ਗਏ ਸਮੇਂ ਤੋਂ ਦੂਜੀ ਘੜੀ ਵਿੱਚ ਦਿਖਾਏ ਗਏ ਸਮੇਂ ਤੱਕ ਪਹੁੰਚਣ ਵਿੱਚ ਮਿੰਟਾਂ ਦੀ ਸੂਈ ਨੂੰ ਸਰਕਣ (ਖਿਸਕਣ) ਵਿੱਚ ਕਿੰਨਾ ਸਮਾਂ ਲੱਗੇਗਾ :

ੳ)  ਤੋਂ  ............ ੲ)  ਤੋਂ  ............

ਅ)  ਤੋਂ  ............ ਸ)  ਤੋਂ  ............

* ਘੰਟੇ ਅਤੇ ਮਿੰਟਾਂ ਦੀ ਸੂਈ ਕਿੱਥੇ ਹੋਵੇਗੀ ਬਣਾਓ

ੳ) 6 ਵੱਜ ਕੇ 20 ਮਿੰਟ 'ਤੇ



ੲ) 7 ਵੱਜ ਕੇ 10 ਮਿੰਟ 'ਤੇ



ਅ) 8 ਵੱਜ ਕੇ 30 ਮਿੰਟ 'ਤੇ



ਸ) 5 ਵੱਜ ਕੇ 15 ਮਿੰਟ 'ਤੇ



* ਤੁਹਾਡੇ ਸਕੂਲ ਦੀ ਪ੍ਰਾਰਥਨਾ ਸਭਾ ਵਿੱਚ ਕਿੰਨਾ ਸਮਾਂ ਲੱਗਦਾ ਹੈ ?...............

ਅੱਧੀ ਛੁੱਟੀ ਕਿੰਨੀ ਲੰਬੀ ਹੁੰਦੀ ਹੈ ?

..................

ਖੇਡ ਦਾ ਪੀਰੀਅਡ ਕਿੰਨਾ ਲੰਬਾ ਹੁੰਦਾ ਹੈ ?

..................

ਕੀ ਇਹ ਬਾਕੀ ਪੀਰੀਅਡਾਂ ਜਿੰਨਾ ਲੰਬਾ ਹੁੰਦਾ ਹੈ ?................







* ਹੇਠਾਂ ਲਿਖੇ ਗਏ ਕੰਮਾਂ ਨੂੰ ਪੂਰਾ ਹੋਣ ਵਿੱਚ ਕਿੰਨਾ ਸਮਾਂ ਲੱਗੇਗਾ ? ਪਹਿਲਾਂ ਅੰਦਾਜ਼ਾ ਲਗਾਓ, ਆਪਣੇ ਅੰਦਾਜ਼ੇ ਨੂੰ ਫਿਰ ਘਰ ਵਿੱਚ ਪਰਖੋ।



1 ਲਿਟਰ ਦੁੱਧ ਉਬਲਣ ਵਿੱਚ ____________



ਇੱਕ ਬਾਲਟੀ ਪਾਣੀ ਭਰਨ ਵਿੱਚ ____________



ਆਪਣਾ ਕਮਰਾ ਸਾਫ਼ ਕਰਨ ਵਿੱਚ ____________



ਕਰਕੇ ਵੇਖੋ-

* ਤੁਸੀਂ ਇੱਕ ਮਿੰਟ ਵਿੱਚ ਕਿੰਨੀ ਵਾਰ ਇਹ ਕਰ ਸਕਦੇ ਹੋ-

ੳ) ਚੁਟਕੀ ਵਜਾਉਣਾ ____________

ਅ) ਰੱਸੀ ਟੱਪਣਾ ____________

ੲ) ਉੱਪਰ ਹੇਠਾਂ ਕੁੱਦਣਾ ____________

ਸ) ____________ ____________

ਕੁੱਝ ਅਜਿਹੇ ਹੀ ਮਜ਼ੇਦਾਰ ਖੇਡ ਸੋਚੋ ਅਤੇ ਖਾਲੀ ਥਾਂ ਵਿੱਚ ਭਰੋ।

* ਤੁਹਾਡੇ ਲਈ ਇੱਕ ਚੁਨੌਤੀ ਹੈ। ਤੁਸੀਂ ਕਿੰਨੀ ਦੇਰ ਤੱਕ ਇਹ ਕਰ ਸਕਦੇ ਹੋ-

ੳ) ਬਿਨਾ ਰੁਕੇ ਬੋਲਣਾ ____________

ਅ) ਇੱਕ ਲੱਤ 'ਤੇ ਖੜੇ ਹੋਣਾ ____________

ੲ) 'ਆSSS...ਆSSS...' ਬਿਨਾ ਰੁਕੇ ਗਾਉਣਾ ____________



* ਤੁਹਾਨੂੰ ਇਸ ਵਿੱਚ ਕਿੰਨਾ ਸਮਾਂ ਲਗੇਗਾ —

ੳ) 50 ਮੀਟਰ ਦੀ ਦੌੜ ਵਿੱਚ ____________

ਅ) ਮੈਦਾਨ ਵਿਚੋਂ 50 ਪੱਥਰ ਚੁਗਣ ਵਿੱਚ ____________

ੲ) 1 ਤੋਂ 100 ਤੱਕ ਗਿਣਨ ਵਿੱਚ ____________




* ਇੱਕ ਵਾਰ ਫਿਰ ਘੜੀ ਨੂੰ ਵੇਖੋ ਅਤੇ ਪਤਾ ਕਰੋ–

(ੳ) ਮਿੰਟਾਂ ਵਾਲੀ ਸੂਈ '2' ਤੋਂ ਚੱਲੀ। ਉਸ ਨੂੰ ਦੁਬਾਰਾ '2' ਤੱਕ ਆਉਣ ਵਿੱਚ ਕਿੰਨੇ ਮਿੰਟ ਲੱਗਣਗੇ ? ______________

(ਅ) ਕੀ ਘੰਟੇ ਵਾਲੀ ਸੂਈ ਵੀ ਘੁੰਮਦੀ ਹੈ ? ਉਸ ਨੂੰ ਇਕ ਨੰਬਰ (ਸੰਖਿਆ) ਤੋਂ ਦੂਜੇ ਨੰਬਰ ਤੱਕ ਪਹੁੰਚਣ ਵਿੱਚ ਕਿੰਨਾ ਸਮਾਂ ਲੱਗੇਗਾ ?

(ੲ) ਆਪਣੇ ਆਸਪਾਸ ਵੇਖੋ ਅਤੇ ਉਹਨਾਂ ਕੰਮਾਂ ਦੀ ਸੂਚੀ ਬਣਾਓ ਜਿਨ੍ਹਾਂ ਨੂੰ ਪੂਰਾ ਹੋਣ ਵਿੱਚ ਲਗਭਗ ਇੱਕ ਘੰਟਾ ਲੱਗਦਾ ਹੈ।

1. ______________
2. ______________
3. ______________
4. ______________
5. ______________



ਘਰ ਵਿੱਚ ਰਾਤ ਦਾ ਖਾਣਾ ਬਣਾਉਣ ਵਿੱਚ ਕਿੰਨਾ ਸਮਾਂ ਲੱਗਦਾ ਹੈ ?

ਇੱਕ ਘੰਟੇ ਤੋਂ ਜ਼ਿਆਦਾ/ਇੱਕ ਘੰਟੇ ਤੋਂ ਘੱਟ

ਆਪਣੇ ਪਿਤਾ ਜੀ ਨੂੰ ਪੁੱਛੋ ਕਿ ਕੀ ਉਹ ਵੀ ਖਾਣਾ ਓਨੀ ਜਲਦੀ ਬਣਾ ਸਕਦੇ ਹਨ ਜਿੰਨਾ ਜਲਦੀ ਤੁਹਾਡੀ ਮਾਂ ਬਣਾਉਂਦੀ ਹੈ। ਹਾਂ / ਨਹੀਂ



ਕਿਹੜੇ ਖੇਡ ਇੱਕ ਘੰਟੇ ਤੋਂ ਘੱਟ ਸਮੇਂ ਵਿੱਚ ਪੂਰੇ ਹੋ ਜਾਂਦੇ ਹਨ ? ______________

ਇੱਕ ਫੁੱਟਬਾਲ ਮੈਚ ਕਿੰਨੇ ਸਮੇਂ ਦਾ ਹੁੰਦਾ ਹੈ ?

ਬੱਚੇ ਅਜਿਹੀਆਂ ਸਾਰੀਆਂ ਚੀਜ਼ਾਂ ਨੂੰ, ਜਿਨ੍ਹਾਂ ਨੂੰ ਉਹ ਇੱਕ ਮਿੰਟ ਕਰ ਸਕਦੇ ਹਨ ਵੇਖਣ ਦੇ ਲਈ ਉਹਨਾਂ ਨੂੰ ਆਪ ਕਰਕੇ ਮਜ਼ਾ ਲੈਣਗੇ। ਘਰ ਵਿੱਚ ਕੰਮ ਹੁੰਦੇ ਹੋਏ ਵੇਖਣਾ, ਉਹਨਾਂ ਨੂੰ ਸਮੇਂ ਦਾ ਅਨੁਭਵ ਅਤੇ ਦੂਜਿਆਂ ਦੇ ਯਤਨਾਂ ਦਾ ਆਦਰ ਕਰਨ ਵਿੱਚ ਵੀ ਸਹਾਇਤਾ (ਮਦਦ) ਕਰੇਗਾ।

# ਰਾਣੀ ਦੀ ਡਾਇਰੀ



ਆਓ, ਮੇਰੀ ਛੋਟੀ ਭੈਣ ਨੂੰ ਵੇਖਣ ਚੱਲੀਏ।
ਮਾਂ, ਮੈਂ ਮੁੰਨੀਆ ਲਈ ਮਿਠਾਈ ਲਿਆਈ ਹਾਂ।
ਪਰ ਉਹ ਨਹੀਂ ਖਾ ਸਕਦੀ, ਉਹ ਅਜੇ ਬਹੁਤ ਛੋਟੀ ਹੈ।
ਅਤੇ ਉਹ ਬੋਲਦੀ ਵੀ ਨਹੀਂ ਹੈ।
ਜਿਵੇਂ-ਜਿਵੇਂ ਉਹ ਵੱਡੀ ਹੋਵੇਗੀ, ਹੌਲੀ-ਹੌਲੀ ਇਹ ਸਭ ਕਰਨ ਲੱਗੇਗੀ।

ਇੱਥੇ ਰਾਣੀ ਦੀ ਡਾਇਰੀ ਦੇ ਪੰਨੇ ਹਨ–




ਮੁੰਨੀਆ ਦੀ ਸਮੇਂ ਰੇਖਾ ਵਿੱਚ ਇਹਨਾਂ ਨੂੰ ਸਹੀ ਕ੍ਰਮ ਵਿੱਚ ਲਿਖੋ।

5/3/05

ਪੈਦਾ ਹੋਈ

* ਮੁੰਨੀਆ ਦਾ ਪਹਿਲਾ ਦੰਦ ਸਤੰਬਰ ਵਿੱਚ ਨਿਕਲਿਆ ਤਾਂ ਉਹ ਕਿੰਨੇ ਮਹੀਨਿਆਂ ਦੀ ਸੀ ?________

* ਮਾਰਚ ਤੋਂ ਸਤੰਬਰ ਤੱਕ ਕਿੰਨੇ ਮਹੀਨੇ ਬੀਤ ਗਏ ? ________

* ਮੁੰਨੀਆ ਕਿੰਨੀ ਵੱਡੀ ਸੀ, ਜਦੋਂ

ੳ) ਉਹ ਬੈਠੀ ____________

ਅ) ਉਸਦਾ ਪਹਿਲਾ ਦੰਦ ਨਿਕਲਿਆ ____________



* ਉਸਨੇ ਪਹਿਲਾਂ ਕੀ ਕੀਤਾ– ੳ) ਚਲਣਾ ਜਾਂ ਕੇਲਾ ਖਾਣਾ।

ਅ) ਰੁੜਨਾ ਜਾਂ ਖੜੇ ਹੋਣਾ।

ਰਾਣੀ ਦੇ ਘਰ ਇੱਕ ਲਾਡਲਾ ਕਤੂਰਾ ਸੀ। ਦੋ ਹਫ਼ਤਿਆਂ ਦੇ ਬਾਅਦ ਉਸਨੇ ਅੱਖਾਂ ਖੋਲੀਆਂ। ਰਾਣੀ ਨੇ ਕਤੂਰੇ ਨੂੰ ਇਂਜ ਵਧਦੇ ਹੋਏ ਵੇਖਿਆ-



3 ਹਫ਼ਤਿਆਂ ਵਿੱਚ ਉਸਦੇ ਖਾਣ ਦੇ ਦੰਦ ਨਿਕਲੇ ਤੇ ਉਸਨੇ ਖਾਣਾ ਸ਼ੁਰੂ ਕੀਤਾ



4 ਹਫ਼ਤਿਆਂ ਬਾਅਦ ਉਸਨੇ ਆਸਪਾਸ ਚਲਣਾ ਸ਼ੁਰੂ ਕੀਤਾ ਪਰ ਡਗਮਗਾਉਂਦੇ ਹੋਏ।



7 ਮਹੀਨਿਆਂ ਤੱਕ ਉਸਦੇ ਸਾਰੇ ਦੰਦ ਆ ਚੁੱਕੇ ਸਨ।



ਇੱਕ ਸਾਲ ਬਾਅਦ ਉਹ ਪੂਰੀ ਤਰ੍ਹਾਂ ਵੱਡੀ ਹੋ ਚੁੱਕੀ ਸੀ ਅਤੇ ਉਸਦੇ ਆਪਣੇ ਕਤੂਰੇ ਸਨ।

* ਹੁਣ ਆਪਣੀ ਕਾਪੀ ਵਿੱਚ ਕੁੱਤੀ ਦੀ ਜੀਵਨ ਦੀ 'ਸਮਾਂ ਰੇਖਾ' ਬਣਾਓ।
* ਮੁੰਨੀਆ ਅਤੇ ਰਾਣੀ ਦੇ ਕਤੂਰੇ ਦੇ ਬਾਰੇ ਵਿੱਚ ਹੇਠਾਂ ਲਿਖੀਆਂ ਗਈਆਂ ਗੱਲਾਂ ਦੀ ਤੁਲਨਾ ਕਰੋ।

| | ਮੁੰਨੀਆ (ਉਮਰ) | ਕਤੂਰਾ (ਉਮਰ) |
|---|---|---|
| ਚਲਣਾ ਸ਼ੁਰੂ ਕੀਤਾ | | |
| ਪਹਿਲੀ ਵਾਰ ਖਾਣਾ ਖਾਧਾ | | |
| ਸ਼ੁਰੂਆਤੀ ਦੰਦ ਨਿਕਲੇ | | |

## ਪਤਾ ਕਰੋ

ਕੀ ਸਾਰੇ ਜੀਵ ਇਕੋ ਜਿੰਨੀ ਤੇਜੀ ਨਾਲ ਵੱਧਦੇ ਹੁੰਦੇ ਹਨ ?

ਉਸਦੇ ਵਧਦੇ ਜਾਣ ਦੇ ਬਾਰੇ ਵਿੱਚ ਗੱਲਬਾਤ ਕਰੋ —

1. ਮੁਰਗੀ
2. ਗਾਂ
3. ਚਿੜੀ




ਇੱਕ ਛੋਟੇ ਜੀਵ ਅਤੇ ਵਧੇ ਹੋਏ ਜੀਵ ਦਾ ਚਿੱਤਰ ਬਣਾਓ।

ਇਥੇ ਫੋਟੋ ਖਿਚਵਾਉਣ ਲਈ ਤਿਆਰ ਦਾਦੀ ਜੀ ਦੇ ਚਿੱਤਰ ਹਨ। ਤੁਹਾਨੂੰ ਕੌਣ ਜ਼ਿਆਦਾ ਬੁੱਢੇ ਦਿਖਦੇ ਹਨ ?



ਅੱਪੂ ਹਾਥੀ ਦੇ ਦਾਦਾ ਜੀ
(95 ਸਾਲ)



ਚੂੰ-ਚੂੰ ਚੂਹੇ ਦੇ ਦਾਦਾ ਜੀ
(2 ਸਾਲ)



ਰਾਣੀ ਦੇ ਦਾਦਾ ਜੀ
(70 ਸਾਲ)

* ਅੱਪੂ ਦੇ ਦਾਦਾ ਜੀ ਰਾਣੀ ਦੇ ਦਾਦਾ ਜੀ ਤੋਂ ਕਿੰਨੇ ਵੱਡੇ ਹਨ ? ________

________

* ਕੀ ਚੂੰ-ਚੂੰ ਦੇ ਦਾਦਾ ਜੀ ਕਦੀ ਅੱਪੂ ਦੇ ਦਾਦਾ ਜੀ ਜਿੰਨੇ ਵੱਡੇ ਹੋਣਗੇ ? ________

________

* ਚੂੰ-ਚੂੰ ਚੂਹੇ ਦੇ ਦਾਦਾ ਜੀ ਰਾਣੀ ਦੇ ਦਾਦਾ ਜੀ ਤੋਂ ਕਿੰਨੇ ਛੋਟੇ ਹਨ ? ________

________

ਇੱਥੇ ਬੱਚਿਆਂ ਅਤੇ ਅਧਿਆਪਕਾਂ ਦੇ ਲਈ ਵੱਖ-ਵੱਖ ਜੀਵਾਂ ਦੇ ਜੀਵਨ-ਸਮੇਂ ਅਤੇ ਵਧਣ ਦੇ ਤਰੀਕੇ ਪਤਾ ਕਰਨ ਦਾ ਇਕ ਚੰਗਾ ਮੌਕਾ ਹੈ। ਇਸਦਾ ਅਰਥ ਇਸ ਤਰ੍ਹਾਂ ਦੀ ਜਾਣਕਾਰੀ ਨੂੰ ਬਿਨਾ ਯਾਦ ਕੀਤੇ ਹੋਏ, ਤੁਲਨਾ ਅਤੇ ਵਿਚਾਰ ਵਟਾਂਦਰਾ ਕਰਨ ਦੇ ਲਈ ਵਰਤੋਂ ਵਿੱਚ ਲਿਆਉਣਾ ਹੈ।

## ਛੁੱਟੀਆਂ ਵਿੱਚ ਮੌਜਮਸਤੀ

ਆਤਿਫ਼ ਦੀਆਂ ਛੁੱਟੀਆਂ ਸ਼ੁਰੂ ਹੋ ਗਈਆਂ ਹਨ। ਉਹ ਬਹੁਤ ਖੁਸ਼ ਹੈ। ਉਸਨੇ ਛੁੱਟੀਆਂ ਦੇ ਲਈ ਕੁੱਝ ਮਜੇਦਾਰ ਯੋਜਨਾਵਾਂ ਬਣਾਈਆਂ ਹਨ ਜੋ ਕਿ ਉਹ ਆਪਣੀ ਚਚੇਰੀ ਭੈਣ ਸ਼ਬਾਨਾ ਨੂੰ ਦੱਸਣਾ ਚਾਹੁੰਦਾ ਹੈ। ਇਸ ਲਈ ਉਸਨੇ ਸ਼ਬਾਨਾ ਨੂੰ ਇੱਕ ਪੱਤਰ ਲਿਖਿਆ—

ਅਜਮੇਰ
1/5/06

ਪਿਆਰੀ ਭੈਣ ਸ਼ਬਾਨਾ

ਸਤਿ ਸ੍ਰੀ ਅਕਾਲ।

ਤੁਸੀਂ ਕਿਵੇਂ ਹੋ ? ਮੈਂ ਇੱਥੇ ਠੀਕ ਹਾਂ। ਭੈਣ ਜੀ ਅੱਜ ਤੋਂ ਮੇਰੀਆਂ ਛੁੱਟੀਆਂ ਸ਼ੁਰੂ ਹੋ ਗਈਆਂ ਹਨ। ਸਕੂਲ ਹੁਣ 30/06/06 ਨੂੰ ਖੁਲਣਗੇ। ਮੈਂ 5/5/06 ਨੂੰ ਨਾਨੀ ਦੇ ਘਰ ਜਾ ਰਿਹਾ ਹਾਂ। ਮੈਂ 20/5/06 ਨੂੰ ਵਾਪਸ ਆਵਾਂਗਾ। ਤੁਹਾਡੇ ਸਕੂਲ ਕਦੋਂ ਬੰਦ ਹੋਣਗੇ ? ਤੁਸੀਂ ਇੱਥੇ ਹੀ ਕਿਉਂ ਨਹੀਂ ਆ ਜਾਂਦੇ ? ਅਸੀਂ ਮਿਲਕੇ ਬਹੁਤ ਮਸਤੀ ਕਰਾਂਗੇ।



ਹੁਣ ਲਈ ਅਲਵਿਦਾ

ਆਤਿਫ਼

ਸ਼ਬਾਨਾ ਨੂੰ, ਜੋ ਨਾਗਪੁਰ ਵਿੱਚ ਰਹਿੰਦੀ ਹੈ, ਇਹ ਪੱਤਰ 6/5/06 ਨੂੰ ਮਿਲਿਆ ਉਸਨੇ ਆਤਿਫ਼ ਨੂੰ ਜਵਾਬ ਭੇਜਿਆ।

ਨਾਗਪੁਰ

7/5/06



ਪਿਆਰੇ ਆਤਿਫ਼,

ਸਤਿ ਸ੍ਰੀ ਅਕਾਲ।

ਮੈਂ ਇੱਥੇ ਠੀਕ ਹਾਂ। ਮੈਨੂੰ ਕੱਲ ਤੁਹਾਡੀ ਚਿੱਠੀ ਮਿਲੀ। ਛੁੱਟੀਆਂ ਮੁਬਾਰਕ। ਮੇਰਾ ਸਕੂਲ 1 ਜੂਨ 2006 ਨੂੰ ਬੰਦ ਹੋਵੇਗਾ ਅਤੇ 10 ਅਗਸਤ ਨੂੰ ਖੁੱਲੇਗਾ। ਮੈਂ ਸਕੂਲ ਟੂਰ 'ਤੇ ਗੋਆ ਜਾ ਰਹੀ ਹਾਂ ਅਤੇ 7/06/06 ਨੂੰ ਵਾਪਸ ਆਵਾਂਗੀ। ਉਸਤੋਂ ਬਾਅਦ ਮੈਂ ਅਜਮੇਰ ਆਉਣ ਦੀ ਕੋਸ਼ਿਸ਼ ਕਰਾਂਗੀ।

ਅਲਵਿਦਾ

ਸ਼ਬਾਨਾ

ਆਤਿਫ਼ ਨੇ ਆਪਣਾ ਪੱਤਰ 1/5/06 ਨੂੰ ਲਿਖਿਆ। ਕੀ ਤੁਸੀਂ ਚਿੱਠੀ ਦੀ ਤਾਰੀਖ ਪੜ੍ਹਨਾ ਜਾਣਦੇ ਹੋ ?

1/5/06 ਦਾ ਮਤਲਬ ਹੋਇਆ– 1 ਮਈ 2006

ਹੁਣ ਹੇਠਾਂ ਦਿੱਤੀਆਂ ਗਈਆਂ ਤਾਰੀਖਾਂ ਦੱਸੋ—

5/5/06 5 ਮਈ 2006

20/5/06 ________________

7/6/06 ________________

1/1/07 ________________



ਹੇਠ ਦਿੱਤੀਆਂ ਤਾਰੀਖਾਂ ਨੂੰ ਅੰਕਾਂ ਵਿੱਚ ਲਿਖੋ।

1 ਜੂਨ 2006 ________________

30 ਮਈ 2006 ________________

10 ਅਗਸਤ 2007 ________________

* ਚਿੱਠੀ ਨੂੰ ਅਜਮੇਰ ਤੋਂ ਨਾਗਪੁਰ ਪੁੱਜਣ ਵਿੱਚ ਕਿੰਨਾ ਸਮਾਂ ਲੱਗਿਆ ? ________
* ਆਤਿਫ਼ ਆਪਣੀ ਨਾਨੀ ਦੇ ਘਰ ਕਿੰਨੇ ਦਿਨ ਰਹੇਗਾ ? ________
* ਹੇਠ ਦਿੱਤੀ ਸਾਰਣੀ ਨੂੰ ਪੂਰਾ ਕਰੋ—

| | ਤਾਰੀਖ ਤੋਂ | ਤਾਰੀਖ ਤੱਕ | ਦਿਨਾਂ ਦੀ ਗਿਣਤੀ |
|---|---|---|---|
| ਸ਼ਬਾਨਾ ਦੀਆਂ ਛੁੱਟੀਆਂ | | | |
| ਆਤਿਫ਼ ਦੀਆਂ ਛੁੱਟੀਆਂ | | | |




ਕਿਸ ਦੀਆਂ ਛੁੱਟੀਆਂ ਜ਼ਿਆਦਾ ਹਨ— ਸ਼ਬਾਨਾ ਦੀਆਂ ਜਾਂ ਆਤਿਫ਼ ਦੀਆਂ ?

* ਤੁਹਾਡੇ ਸਕੂਲ ਵਿੱਚ ਹੋਰ ਕਿਹੜੀਆਂ ਲੰਬੀਆਂ ਛੁੱਟੀਆਂ ਹੁੰਦੀਆਂ ਹਨ। ਉਹਨਾਂ ਸਭ ਤਾਰੀਖਾਂ ਦੇ ਬਾਰੇ ਲਿਖੋ—

| | ਤਾਰੀਖ ਤੋਂ | ਤਾਰੀਖ ਤੱਕ | ਦਿਨਾਂ ਦੀ ਗਿਣਤੀ |
|---|---|---|---|
| ਗਰਮੀ ਦੀਆਂ ਛੁੱਟੀਆਂ | | | |
| ਪਤਝੜ ਦੀਆਂ ਛੁੱਟੀਆਂ | | | |
| ਸਰਦੀਆਂ ਦੀਆਂ ਛੁੱਟੀਆਂ | | | |
| ਸਲਾਨਾ ਪਰੀਖਿਆ ਤੋਂ ਬਾਅਦ ਦੀਆਂ ਛੁੱਟੀਆਂ | | | |

15 ਮਈ 2006 ਨੂੰ ਚੰਦਰ ਮੱਖਣ ਖਰੀਦਣ ਇੱਕ ਦੁਕਾਨ ਵਿੱਚ ਗਿਆ। ਉਸਨੇ ਮੱਖਣ ਦੇ ਪੈਕਟ ਨੂੰ ਚੰਗੀ ਤਰ੍ਹਾਂ ਵੇਖਿਆ ਪਰਖਿਆ ਕਿ ਮੱਖਣ ਖਾਣ ਦੇ ਲਾਇਕ ਹੈ ਕਿ ਨਹੀਂ।

ਉਸ ਪੈਕਟ ਤੇ ਲਿਖਿਆ ਸੀ— **ਪੈਕਿੰਗ ਦੀ ਤਾਰੀਖ਼ ਤੋਂ 180 ਦਿਨਾਂ ਦੇ ਵਿੱਚ ਖਾ ਲਿਆ ਜਾਵੇ।**



ਫਿਰ ਉਸਨੇ ਪੈਕਿੰਗ ਦੀ ਤਾਰੀਖ਼ ਵੇਖੀ। ਉਹ ਸੀ 15/01/06

ਤੁਸੀਂ ਉਸਦੀ ਇਹ ਪਤਾ ਲਗਾਉਣ ਵਿੱਚ ਮਦਦ ਕਰੋ ਕਿ ਉਸ ਨੂੰ ਮੱਖਣ ਖਰੀਦਣਾ ਚਾਹੀਦਾ ਹੈ ਜਾਂ ਨਹੀਂ।

— ਮੱਖਣ ਕਿਹੜੇ ਮਹੀਨੇ ਵਿੱਚ ਪੈਕ ਕੀਤਾ ਗਿਆ ਸੀ ? ________

— 15/01/06 ਦੇ 180 ਦਿਨ ਬਾਅਦ ਕਿਹੜੀ ਤਾਰੀਖ਼ ਹੋਵੇਗੀ ? ________

— ਕੀ ਚੰਦਰ 15 ਮਈ 2006 ਨੂੰ ਮੱਖਣ ਖਾ ਸਕਦਾ ਹੈ ? ________

ਜਦੋਂ ਤੁਸੀਂ ਕੋਈ ਚੀਜ਼ ਖਰੀਦਦੇ ਹੋ ਤਾਂ ਪੈਕਿੰਗ ਦੀ ਤਾਰੀਖ਼ ਵੇਖਦੇ ਹੋ ?

ਕੀ ਤੁਸੀਂ ਦਵਾਈਆਂ 'ਤੇ ਸਮਾਂ ਸਮਾਪਤੀ ਦੀ ਤਾਰੀਖ਼ ਲਿਖੀ ਵੇਖੀ ਹੈ ?

ਸਮਾਪਤੀ ਦੀ ਤਾਰੀਖ਼ ਇਹ ਦਸਦੀ ਹੈ ਕਿ ਕਿਸ ਤਾਰੀਖ ਤੋਂ ਬਾਅਦ ਦਵਾਈ ਲੈਣਾ ਹਾਨੀਕਾਰਕ ਹੋ ਸਕਦਾ ਹੈ।

**ਪਤਾ ਕਰੋ**

* ਹੋਰ ਕਿਹੜੀਆਂ-ਕਿਹੜੀਆਂ ਚੀਜਾਂ ਸਮਾਪਤੀ ਤਾਰੀਖ਼ਾਂ ਦੇ ਨਾਲ ਆਉਂਦੀਆਂ ਹਨ ?

ਖਾਂਸੀ ਦੇ ਸਿਰਪ ਦੀ ਬੋਤਲ 'ਤੇ ਲਿਖਿਆ ਸੀ—

ਉਤਪਾਦਨ (ਬਣਾਉਣ ਦੀ) ਮਿਤੀ 07/03 ਜੁਲਾਈ 2003 ਇਸ ਤੋਂ ਪਤਾ ਚਲਦਾ ਹੈ ਕਿ ਦਵਾਈ ਜੁਲਾਈ 2003 ਵਿੱਚ ਬਣਾਈ ਗਈ।



ਸਮਾਪਤੀ (ਖਤਮ) ਮਿਤੀ 07/05 ਇਸ ਤੋਂ ਪਤਾ ਚਲਦਾ ਹੈ ਕਿ ਦਵਾਈ ਕਦੋਂ ਤੱਕ ਪੀਣਾ ਸੁਰੱਖਿਅਤ ਹੈ।

* ਕਿਹੜੇ ਮਹੀਨੇ ਅਤੇ ਸਾਲ ਤੱਕ ਪੀਣਾ ਸੁਰੱਖਿਅਤ ਹੈ ?

________

ਕਿਹੜੇ ਮਹੀਨੇ ਅਤੇ ਸਾਲ ਨੂੰ 07/05 ਲਿਖਿਆ ਜਾਂਦਾ ਹੈ। ਕੀ ਖਾਂਸੀ ਦੇ ਸਿਰਪ ਨੂੰ ਸਤੰਬਰ 2005 ਤੱਕ ਲੈਣਾ ਸੁਰੱਖਿਅਤ ਹੋਵੇਗਾ ? ________

ਬੱਚਿਆਂ ਤੋਂ ਇਹ ਉਮੀਦ ਨਹੀਂ ਕਰਨੀ ਚਾਹੀਦੀ ਕੀ ਉਹ ਇਸ ਪੱਧਰ ਤੇ 'ਉਤਪਾਦਨ ਮਿਤੀ ਅਤੇ 'ਸਮਾਪਤੀ ਮਿਤੀ' ਵਰਗੇ ਸ਼ਬਦਾਂ ਨੂੰ ਜਾਣਨ ਬਲਕਿ ਉਹਨਾਂ ਨੂੰ ਇਹਨਾਂ ਦੇ ਪ੍ਰਤੀ ਜਾਗਰੁਕਤਾ ਪੈਦਾ ਕਰਨੀ ਚਾਹੀਦੀ ਹੈ ਕਿ ਜੋ ਦਵਾਈ ਉਹ ਵਰਤ ਰਹੇ ਹਨ ਉਹਨਾਂ ਨੂੰ ਲੈਣਾ ਕਦੋਂ ਤੱਕ ਸੁਰੱਖਿਅਤ ਹੈ। ਅਧਿਆਪਕਾਂ ਨੂੰ ਹਮੇਸ਼ਾ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿ ਉਹ ਅਲੱਗ-ਅਲੱਗ ਚੀਜ਼ਾਂ 'ਤੇ ਛਪੀਆਂ ਇਹਨਾਂ ਤਾਰੀਖ਼ਾਂ ਨੂੰ ਪੜ੍ਹਨ।

## ਤੁਤੁਨ ਦੀ ਰੇਲਗੱਡੀ ਛੁੱਟ ਗਈ

ਤੁਤੁਨ ਦਾ ਸਕੂਲ ਗਰਮੀਆਂ ਦੀਆਂ ਛੁੱਟੀਆਂ ਦੇ ਲਈ ਬੰਦ ਹੋ ਗਿਆ। ਉਹ ਆਪਣੀ ਨਾਨੀ ਦੇ ਘਰ ਗਿਆ। ਉੱਥੇ ਉਹ ਆਪਣੇ ਮਮੇਰੇ ਭੈਣ-ਭਰਾਵਾਂ ਨੂੰ ਮਿਲਿਆ। ਉਸ ਨੂੰ ਬਹੁਤ ਮਜਾ ਆ ਰਿਹਾ ਸੀ ਅਤੇ ਵਾਪਸ ਘਰ ਨਹੀਂ ਜਾਣਾ ਚਾਹੁੰਦਾ ਸੀ।





ਤੁਤੁਨ ਆਪਣੇ ਮਾਤਾ ਪਿਤਾ ਦੇ ਨਾਲ 5.15 'ਤੇ ਸਟੇਸ਼ਨ ਪਹੁੰਚਿਆ। ਪਰ ਸੋਚੋ ਕੀ ਹੋਇਆ ਹੋਵੇਗਾ? ਉਹਨਾਂ ਦੀ ਰੇਲਗੱਡੀ ਸੱਚਮੁੱਚ ਛੁੱਟ ਗਈ।





ਕੀ ਤੁਸੀਂ ਸੋਚ ਸਕਦੇ ਹੋ ਕਿ ਉਹਨਾਂ ਦੀ ਗੱਡੀ ਕਿਉਂ ਛੁੱਟੀ ?

ਅਸਲ ਵਿੱਚ ਗੱਡੀ ਸਵੇਰੇ 5:30 'ਤੇ ਚਲੀ ਗਈ ਸੀ। ਤੁਤੁਨ ਦੇ ਮਾਤਾ, ਪਿਤਾ ਪਰੇਸ਼ਾਨ ਸਨ। ਉਹਨਾਂ ਨੇ ਸਟੇਸ਼ਨ ਮਾਸਟਰ ਨੂੰ ਕਿਹਾ—





| ਤੁਹਾਡੀ ਘੜੀ ਦੇ ਮੁਤਾਬਕ ਸਮਾਂ (12 ਘੰਟੇ ਦੀ ਘੜੀ) | 24 ਘੰਟੇ ਦੀ ਘੜੀ ਦੇ ਮੁਤਾਬਕ ਸਮਾਂ |
|---|---|
| ਦੁਪਹਿਰ 1 ਵਜੇ | 13:00 ਘੰਟੇ |
| ਦੁਪਹਿਰ 2 ਵਜੇ | 14:00 ਘੰਟੇ |
| ਦੁਪਹਿਰ 3 ਵਜੇ | ________ |
| ਦੁਪਹਿਰ 3.30 ਵਜੇ | 15:30 ਘੰਟੇ |
| ਦੁਪਹਿਰ 6 ਵਜੇ | ________ |
| ਦੁਪਹਿਰ 9 ਵਜੇ | ________ |
| ਅੱਧੀ ਰਾਤ 12 ਵਜੇ | ________ |




ਮੰਨ ਲਓ ਕਿ ਗੱਡੀ ਰਾਤ 8:30 ਵਜੇ ਚਲਦੀ ਹੈ ਤਾਂ ਰੇਲਵੇ ਟਿਕਟ 'ਤੇ ਕੀ ਸਮਾਂ ਲਿਖਿਆ ਹੋਵੇਗਾ ? ___________




ਤੁਸੀਂ ਸੂਰਜ ਦੇ ਚੜ੍ਹਨ ਅਤੇ ਛਿਪਣ ਦਾ ਸਮਾਂ ਜ਼ਰੂਰ ਵੇਖਿਆ ਹੋਵੇਗਾ।
ਉਸ ਸਮੇਂ ਨੂੰ A.M. ਅਤੇ P.M. ਦੀ ਵਰਤੋਂ ਕਰਦੇ ਹੋਏ ਲਿਖੋ।



| | |
|---|---|
| ਸੂਰਜ ਦਾ ਚੜ੍ਹਨਾ | |
| ਸੂਰਜ ਦਾ ਛਿਪਣਾ | |

24 ਘੰਟੇ ਵਾਲੀ ਘੜੀ ਨੂੰ ਤੁਸੀਂ ਕਿੱਥੇ-ਕਿੱਥੇ ਵਰਤੋਂ ਵਿੱਚ ਆਉਂਦੇ ਵੇਖਿਆ ਹੈ ?



1. ___________
2. ___________
3. ___________

# 5 ਦੁਨੀਆ ਕੁੱਝ ਅਜਿਹੀ ਦਿੱਖਦੀ ਹੈ

## ਗੱਪੂ ਦੀ ਹਵਾਈ ਯਾਤਰਾ (ਸਫ਼ਰ)

ਗੱਪੂ ਇਕ ਛੋਟਾ ਜਿਹਾ ਬਹਾਦਰ ਚੂਹਾ ਸੀ। ਇੱਕ ਦਿਨ ਉਸਨੇ ਵੇਖਿਆ ਕਿ ਬੱਚੇ ਇੱਕ ਵੱਡੇ ਸਾਰੇ ਗੈਸ ਦੇ ਗੁਬਾਰੇ ਨਾਲ ਖੇਡ ਰਹੇ ਹਨ। ਗੁਬਾਰਾ ਉੱਡਿਆ ਤੇ ਕਮਰੇ ਦੀ ਛੱਤ ਨਾਲ ਜਾ ਟਕਰਾਇਆ। ਗੱਪੂ ਖੁਸ਼ੀ ਨਾਲ ਝੂਮ ਗਿਆ। ਤਦ ਉਸਨੂੰ ਕੁੱਝ ਸੁਝਿਆ। ਅਗਲੇ ਦਿਨ ਜਦੋਂ ਬੱਚੇ ਸਕੂਲ ਚਲੇ ਗਏ ਤਾਂ ਗੱਪੂ-ਗੁਬਾਰੇ ਦੇ ਧਾਗੇ ਦੇ ਉੱਪਰ ਚੜ੍ਹ ਗਿਆ। ਹੁਣ ਉਹ ਉੱਪਰ ਤੋਂ ਪੱਖੇ ਦੇ ਪਰ ਵੇਖ ਸਕਦਾ ਸੀ।




- ਪੱਖਾ ਹੇਠਾਂ ਤੋਂ ਕਿਵੇਂ ਦਿਖਦਾ ਹੈ, ਬਣਾ ਕੇ ਵੇਖੋ।

ਹੁਣ ਗੱਪੂ ਨੇ ਹੇਠਾਂ ਵੇਖਿਆ। ਉਸਨੂੰ ਬਿਸਤਰਾ ਦਿਖਾਈ ਦਿੱਤਾ, ਕੁਰਸੀ ਦਿਖਾਈ ਦਿੱਤੀ, ਇੱਕ ਮੇਜ਼ ਕਿਤਾਬਾਂ ਨਾਲ ਭਰਿਆ ਹੋਇਆ ਅਤੇ ਦੂਜੇ ਮੇਜ਼ 'ਤੇ ਬੋਤਲ, ਜੱਗ ਅਤੇ ਫ਼ਲ ਆਦਿ ਰੱਖੇ ਹੋਏ ਸੀ।

- ਚਿੱਤਰ ਵਿੱਚ ਇਹਨਾਂ ਚੀਜਾਂ ਨੂੰ ਪਹਿਚਾਣੋ।





ਅਲੱਗ-ਅਲੱਗ ਦ੍ਰਿਸ਼ਟੀਕੋਣਾਂ ਅਤੇ ਦੂਰੀਆਂ ਤੋਂ ਦੇਖਣ ਤੇ ਚੀਜਾਂ ਦਾ ਆਕਾਰ ਅਤੇ ਲੰਬਾਈ-ਚੌੜਾਈ ਅਲੱਗ ਦਿਖਦੀ ਹੈ। ਇਸ 'ਤੇ ਬੱਚਿਆਂ ਨੂੰ ਭਰਪੂਰ ਚਰਚਾ ਦੀ ਜ਼ਰੂਰਤ ਹੈ। ਪਰ ਧਿਆਨ ਰੱਖਣਾ ਕਿ ਕਹਾਣੀ ਦੀ ਰੋਚਕਤਾ ਬਣੀ ਰਹੇ।

❖ ਕੀ ਤੁਸੀਂ ਸੋਚ ਸਕਦੇ ਹੋ, ਕਿ ਗੱਪੂ ਨੂੰ ਜੱਗ ਦੇ ਉੱਪਰ ਰੱਖਿਆ ਪਨੀਰ ਕਿਵੇਂ ਨਜ਼ਰ ਆ ਗਿਆ ਜਦੋਂ ਕਿ ਚਿੰਕੀ ਉਸਨੂੰ ਨਹੀਂ ਵੇਖ ਸਕੀ ?

ਤਾਂ ਹੀ ਜ਼ੋਰ ਦੀ ਹਵਾ ਚੱਲੀ ਅਤੇ ਗੁਬਾਰਾ ਕਮਰੇ ਤੋਂ ਬਾਹਰ ਉੱਡ ਗਿਆ।

ਗੁਬਾਰਾ ਉੱਪਰ ਵੱਲ ਉੱਡਣ ਲੱਗਿਆ। ਨਾਲ ਹੀ ਗੱਪੂ ਵੀ ਅਸਮਾਨ ਵਿੱਚ ਉੱਡਣ ਲੱਗਿਆ। ਜਦੋਂ ਉਸਨੇ ਹੇਠਾਂ ਵੇਖਿਆ ਤੇ ਉਸਨੂੰ ਆਪਣਾ ਘਰ ਨਜ਼ਰ ਆਇਆ।

ਜਿਵੇਂ-ਜਿਵੇਂ ਗੱਪੂ ਉੱਪਰ ਉੱਠਦਾ ਗਿਆ, ਉਸਦੇ ਘਰ ਦੇ ਆਸਪਾਸ ਦੀਆਂ ਚੀਜ਼ਾਂ ਵੀ ਦਿਖਣ ਲੱਗੀਆਂ- ਪਾਰਕ, ਗੁਰੂਦੁਆਰਾ, ਰੇਲ ਦੀ ਪਟਰੀ, ਮਿਠਾਈ ਦੀ ਦੁਕਾਨ ਅਤੇ ਸੁਹਾਸਿਨੀ ਦਾ ਘਰ- ਜਿਸਦੀ ਛੱਤ 'ਤੇ ਵੱਡੀ ਸਾਰੀ ਪਾਣੀ ਦੀ ਟੰਕੀ ਰੱਖੀ ਸੀ....






- ਸੋਚੋ, ਤੁਹਾਡੀ ਜਮਾਤ ਉਧਰੋਂ ਕਿਹੋ ਜਿਹੀ ਲੱਗਦੀ ਹੋਵੇਗੀ ?ਉਸਦਾ ਚਿੱਤਰ ਬਣਾਉਣ ਦੀ ਕੋਸ਼ਿਸ਼ ਕਰੋ ਅਤੇ ਚਿੱਤਰ ਵਿੱਚ ਬੈਂਚ, ਬਲੈਕਬੋਰਡ, ਦਰਵਾਜੇ, ਖਿੜਕੀਆਂ ਆਦਿ ਵੀ ਦਿਖਾਓ।

ਗੁਬਾਰਾ ਉੱਪਰ ਨੂੰ ਵੱਧਦਾ ਰਿਹਾ ਅਤੇ ਛੋਟਾ ਗੱਪੂ ਹੈਰਾਨ ਹੋ ਕੇ ਸੋਚਦਾ ਰਿਹਾ ਕਿ ਇਹ ਦੁਨੀਆ ਕਿੰਨੀ ਵੱਡੀ ਹੈ।ਹੁਣ ਉਸ ਨੂੰ ਬਹੁਤ ਸਾਰੇ ਘਰ ਦਿਖ ਰਹੇ ਸਨ, ਗਲੀਆਂ, ਸੜਕਾਂ ਅਤੇ ਗੱਡੀਆਂ ਵੀ।





ਅਚਾਨਕ, ਇੱਕ ਜੋਰ ਦੀ ਆਵਾਜ਼ ਹੋਈ...ਫਟ! ਗੁਬਾਰਾ ਫਟ ਗਿਆ ਅਤੇ ਹੇਠਾਂ ਡਿੱਗਣ ਲੱਗਿਆ... ਹੇਠਾਂ...ਹੋਰ ਹੇਠਾਂ... ਸਭ ਚੀਜਾਂ ਵੱਡੀਆਂ-ਵੱਡੀਆਂ ਨਜ਼ਰ ਆਉਣ ਲੱਗੀਆਂ। ਧੱਪ...ਗੱਪੂ ਰੇਲ ਦੀ ਪਟਰੀ 'ਤੇ ਜਾ ਡਿਗਿਆ ਅਤੇ ਉਹ ਡਰਾਵਨੀ ਮੋਟੀ ਤੋਂ ਬਚਨ ਲਈ ਭੱਜਿਆ ਜੋ ਗੱਪੂ ਅਤੇ ਦੂਜੇ ਚੂਹਿਆਂ ਦੇ ਪਿੱਛੇ ਪਈ ਸੀ।

ਜਦੋਂ ਗੱਪੂ ਨੇ ਉਪਰੋਂ ਰੇਲ ਦੀ ਪਟਰੀ ਨੂੰ ਵੇਖਿਆ ਤੇ ਉਹ ਕੁੱਝ ਇਵੇਂ ਲੱਗ ਰਹੀ ਸੀ.........



ਪਰ ਜਦੋਂ ਉਹ ਪਟਰੀ 'ਤੇ ਡਿੱਗਿਆ ਪਟਰੀ ਕੁੱਝ ਇਸ ਤਰ੍ਹਾਂ ਦਿਖ ਰਹੀ ਸੀ।

ਉਹ! ਉੱਪਰ ਤੋਂ ਅਤੇ ਸਾਹਮਣੇ ਤੋਂ ਵੇਖਣ ਤੇ ਚੀਜ਼ਾਂ ਕਿੰਨੀਆਂ ਅਲੱਗ ਦਿਖਦੀਆਂ ਹਨ ?



- ਇਹਨਾਂ ਤਸਵੀਰਾਂ ਨੂੰ ਵੇਖੋ ਅਤੇ ਚਰਚਾ ਕਰੋ ਕਿ ਚੀਜ਼ਾਂ ਕਿਉਂ ਇੱਕ ਸਿਰੇ ਤੇ ਚੌੜੀਆਂ ਅਤੇ ਵੱਡੀਆਂ ਦਿਖਾਈ ਦਿੰਦੀਆਂ ਹਨ ਜਦਕਿ ਦੂਸਰੇ ਸਿਰੇ ਤੋਂ ਭੀੜੀਆਂ ਅਤੇ ਛੋਟੀਆਂ।





**ਇੱਕ ਆਸਨ ਦੀਆਂ ਦੋ ਤਸਵੀਰਾਂ ਦਾ ਮਿਲਾਨ ਕਰੋ**



ਉੱਪਰ ਤੋਂ ਲਈ ਇਸ ਤਸਵੀਰ ਵਿੱਚ ਇੱਕ ਕੁੜੀ ਯੋਗ-ਆਸਨ ਵਿੱਚ ਬੈਠੀ ਹੈ।

ਹੇਠਾਂ ਦਿੱਤੇ ਗਏ ਚਿੱਤਰਾਂ ਵਿੱਚ ਉਸੇ ਯੋਗ-ਆਸਨ ਨਾਲ ਸਿਰਫ ਇੱਕ ਦਾ ਹੀ ਮਿਲਾਨ ਕੀਤਾ ਜਾ ਸਕਦਾ ਹੈ। ਪਹਿਚਾਨ ਕਰੋ।






ਇਹਨਾਂ ਚਿੱਤਰਾਂ ਵਿੱਚ ਕੌਲੀਆਂ ਨੂੰ ਵੱਖ-ਵੱਖ ਤਰੀਕਿਆਂ ਨਾਲ ਦਿਖਾਇਆ ਗਿਆ ਹੈ ?







- ਕਿਹੜੇ ਚਿੱਤਰ ਵਿੱਚ ਕੌਲੀਆਂ ਪੁੱਠੀਆਂ ਰੱਖੀਆਂ ਗਈਆਂ ਹਨ ? ____________

ਜਵਾਬ ਲੱਭਣ ਦੇ ਲਈ ਚਿੱਤਰ 3 ਵਿੱਚ ਵੇਖੋ ਕੌਲੀਆਂ ਸਾਈਡ (ਪਾਸੇ) ਤੋਂ ਕਿਵੇਂ ਲੱਗਦੀਆਂ ਹਨ





- ਇਹਨਾਂ ਚਿੱਤਰਾਂ ਦੀ ਉੱਪਰੋਂ ਦਿਖਣ ਵਾਲੀ ਆਕ੍ਰਿਤੀ ਅਤੇ ਪਾਸੇ ਤੋਂ ਦਿਖਣ ਵਾਲੀ ਆਕ੍ਰਿਤੀ ਦਾ ਮਿਲਾਨ ਕਰੋ—

— ਇੱਕ ਨਲੀ

— ਇੱਕ ਕੁੱਪੀ







- ਇੱਕ ਜੁੱਤੇ ਦਾ ਇੱਕ ਪਾਸਿਓਂ, ਉੱਪਰੋਂ, ਸਾਹਮਣੇ ਤੋਂ ਦਿਖਣ ਵਾਲੇ ਚਿੱਤਰ ਬਣਾਉਣ ਦੀ ਕੋਸ਼ਿਸ਼ ਕਰੋ।

ਬੱਚਿਆਂ ਨੂੰ ਇਹ ਸੋਚਣ ਅਤੇ ਪਤਾ ਕਰਨਾ ਮਜ਼ੇਦਾਰ ਲੱਗੇਗਾ ਕਿ ਵੱਖ-ਵੱਖ ਚੀਜਾਂ ਵੱਖ-ਵੱਖ ਕੋਣਾਂ ਤੋਂ ਕਿਵੇਂ ਦਿਖਦੀਆਂ ਹਨ ।ਇਹ ਗਤੀਵਿਧੀਆਂ ਉਹਨਾਂ ਦੀ ਥਾਂ ਸੰਬੰਧੀ ਸਮਝ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਨਗੀਆਂ।

## ਗੱਪੂ ਦੇ ਘਰ ਦੇ ਪਿੱਛੇ ਦਾ ਪਾਰਕ

ਕੀ ਤੁਹਾਨੂੰ ਗੱਪੂ ਦੇ ਘਰ ਦੇ ਪਿੱਛੇ ਦਾ ਪਾਰਕ ਯਾਦ ਹੈ ?

ਇੱਥੇ ਪਾਰਕ ਦੀ ਇਕ ਬੜੀ ਵੱਡੀ ਸਾਰੀ ਤਸਵੀਰ ਹੈ। ਇਸਨੂੰ ਧਿਆਨ ਨਾਲ ਵੇਖੋ ਅਤੇ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਕੋਸ਼ਿਸ਼ ਕਰੋ।




- ਮਿਠਾਈ ਦੀ ਦੁਕਾਨ ਦੇ ਸਭ ਤੋਂ ਨੇੜੇ ਵਾਲੇ ਗੇਟ ਤੇ ਨਿਸ਼ਾਨ ਲਗਾਓ।A/B/C/D
- ਕਿਹੜਾ ਗੇਟ ਗੱਪੂ ਦੇ ਘਰ ਦੇ ਸਭ ਤੋਂ ਨੇੜੇ ਹੈ ?
- ਜੇਕਰ ਤੁਸੀਂ ਗੇਟ 'B' ਅੰਦਰ ਜਾਓ ਤੇ ਹਰਾ ਬੈਂਚ ਕਿਸ ਪਾਸੇ ਹੋਵੇਗਾ—
  ਸੱਜੇ / ਖੱਬੇ / ਸਾਹਮਣੇ
- ਜਦੋਂ ਸੁਹਾਸਿਨੀ ਪਾਰਕ ਵਿੱਚ ਗਈ ਤੇ ਫੁੱਲਾਂ ਦੀ ਕਿਆਰੀ ਉਸਦੇ ਸੱਜੇ ਪਾਸੇ ਸੀ।ਉਹ ਕਿਹੜੇ ਗੇਟ ਤੋਂ ਅੰਦਰ ਆਈ ਹੋਵੇਗੀ ?
- ਜੇਕਰ ਤੁਸੀਂ ਗੇਟ 'C' ਤੋਂ ਅੰਦਰ ਜਾਓ ਤੇ ਤੁਹਾਡੇ ਸਭ ਤੋਂ ਨੇੜੇ ਕੀ ਹੋਵੇਗਾ ?


  1. ਬਾਸਕਟ ਬਾਲ ਕੋਰਟ  2. ਫੁੱਲਾਂ ਦੀ ਕਿਆਰੀ

  3. ਹਰਾ ਬੈਂਚ  4. ਸੀ–ਸਾਅ ਝੂਲਾ

ਛੋਟੇ ਬੱਚੇ ਅਕਸਰ ਖੱਬੇ, ਸਾਹਮਣੇ ਆਦਿ ਦਿਸ਼ਾ ਨਿਰਦੇਸ਼ਾਂ ਨੂੰ ਨਿਰਪੇਖ (Absolute) ਮੰਨ ਲੈਂਦੇ ਹਨ।ਥਾਂ ਸੰਬੰਧੀ ਸਮਝ ਵਿਕਸਿਤ ਕਰਨ ਦੇ ਲਈ ਇਹ ਜਰੂਰੀ ਹੈ ਕਿ ਉਹਨਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਜਾਵੇ ਕਿ ਦਿਸ਼ਾਵਾਂ ਆਪਣੀ ਸਥਿਤੀ ਦੇ ਸਾਪੇਖ ਹੁੰਦੀਆਂ ਹਨ।ਕੋਈ ਵਸਤੂ ਕਿਸੇ ਸੰਦਰਭ ਵਿੱਚ ਖੱਬੇ ਪਾਸੇ ਤੇ ਕਿਸੇ ਹੋਰ ਦੇ ਸੰਦਰਭ ਵਿੱਚ ਸੱਜੇ ਪਾਸੇ ਹੋ ਸਕਦੀ ਹੈ।ਜਮਾਤ ਵਿੱਚ ਇਸ ਅਵਧਾਰਣਾ 'ਤੇ ਅਧਾਰਿਤ ਹੋਰ ਵੀ ਕਿਰਿਆਵਾਂ ਕਰਾਈਆਂ ਜਾ ਸਕਦੀਆਂ ਹਨ।

## ਇਸਮਾਇਲ ਦਾ ਘਰ

ਇਸਮਾਇਲ ਨੇ ਸ਼੍ਰੀਜਾਤਾ ਨੂੰ ਟੈਲੀਫੋਨ ਤੇ ਉਸਦੇ ਘਰ ਤੋਂ ਆਪਣੇ ਘਰ ਦਾ ਰਸਤਾ ਸਮਝਾਇਆ।ਰਸਤੇ ਦਾ ਨਕਸ਼ਾ ਹੇਠਾਂ ਦਿੱਤਾ ਗਿਆ ਹੈ।




ਇਸਮਾਇਲ ਨੇ ਸ਼੍ਰੀਜਾਤਾ ਨੂੰ ਇਹ ਦੱਸਿਆ—




ਆਪਣੇ ਘਰ ਤੋਂ ਦੁੱਧ ਦੀ ਦੁਕਾਨ 'ਤੇ ਪਹੁੰਚੋ ਅਤੇ ਫਿਰ ਖੱਬੇ ਮੁੜ ਜਾਓ।ਦੂਸਰੇ ਚੌਰਾਹੇ ਤੋਂ ਸੱਜੇ ਮੁੜ ਜਾਓ ਅਤੇ ਪੁਲ ਪਾਰ ਕਰੋ, ਉੱਥੋਂ ਸਿੱਧਾ ਜਾਓ ਅਤੇ ਫਿਰ ਪਹਿਲੇ ਸੱਜੇ ਮੋੜ ਤੋਂ ਮੁੜ ਜਾਓ।ਲਗਭਗ 100 ਮੀਟਰ ਜਾਣ ਤੋਂ ਬਾਅਦ ਤੁਹਾਨੂੰ ਇੱਕ ਵੱਡਾ ਪਾਰਕ ਦਿਖਾਈ ਦੇਵੇਗਾ।

ਜਿਵੇਂ ਹੀ ਪਾਰਕ ਨੂੰ ਪਾਰ ਕਰੋਗੇ ਤੁਹਾਨੂੰ ਨਾਲ ਹੀ ਇੱਕ ਛੋਟੀ ਗਲੀ ਦਿਖਾਈ ਦੇਵੇਗੀ। ਉਸ ਗਲੀ ਦਾ ਪਹਿਲਾ ਘਰ ਮੇਰਾ ਹੈ।

- ਕੀ ਇਸਮਾਇਲ ਕੁੱਝ ਗਲਤ ਦਸ ਗਿਆ ?ਕੀ ਤੁਸੀਂ ਉਸਨੂੰ ਠੀਕ ਕਰ ਸਕਦੇ ਹੋ ?
- ਉਹ ਰਸਤਾ ਦਿਖਾਓ- ਜੇਕਰ ਸ਼੍ਰੀਜਾਤਾ ਇਸਮਾਇਲ ਦੇ ਦੱਸੇ ਰਸਤੇ ਤੇ ਚਲੀ ਜਾਂਦੀ ਤਾਂ ਉਹ ਕਿੱਥੇ ਪਹੁੰਚਦੀ ?
- ਹੁਣ ਇਸਮਾਇਲ ਦੇ ਘਰ ਤੋਂ ਸ਼੍ਰੀਜਾਤਾ ਦੇ ਘਰ ਜਾਣ ਦੇ ਲਈ ਰਸਤਾ ਬਣਾਓ।


## ਗਿਬਲੀ ਅਤੇ ਵੱਡਾ ਬਕਸਾ




ਕੀ ਤੁਹਾਨੂੰ ਜਮਾਤ 3 ਦੀ ਕਿਤਾਬ 'ਗਣਿਤ ਦਾ ਜਾਦੂ' ਵਿੱਚ ਗਿਬਲੀ ਨਾਂ ਦੀ ਕੀੜੀ ਯਾਦ ਹੈ ?

ਗਿਬਲੀ ਨੇ ਇੱਕ ਦਿਨ ਰਸਤੇ ਵਿੱਚ ਇੱਕ ਵੱਡਾ ਬਕਸਾ ਦੇਖਿਆ। ਉਹ ਕੁੱਝ ਇਸ ਤਰ੍ਹਾਂ ਦਿਖਾਈ ਦੇ ਰਿਹਾ ਸੀ।

ਗਿਬਲੀ ਉਸਦੇ ਸਾਹਮਣੇ ਗਈ ਅਤੇ ਖੱਬੇ ਮੁੜ ਗਈ। ਹੁਣ ਉਹ ਉਸ ਵੱਡੇ ਬਕਸੇ (ਦੀ ਦੂਸਰੀ ਸਤ੍ਹਾ) ਦਾ ਦੂਜਾ ਪਾਸਾ ਵੇਖ ਸਕਦੀ ਸੀ।





ਗਿਬਲੀ ਨੂੰ ਕੁੱਝ ਸਮਝ ਨਹੀਂ ਆਇਆ। ਇਹ ਬਕਸਾ ਕੀ ਸੀ ?ਉਹ ਇੱਕ ਕੱਪ 'ਤੇ ਚੜ੍ਹ ਗਈ ਅਤੇ ਉੱਥੋਂ ਵੇਖਣ ਲੱਗੀ। ਬਕਸਾ ਕੁੱਝ ਇਸ ਤਰ੍ਹਾਂ ਦਿਖਾਈ ਦੇ ਰਿਹਾ ਸੀ।

ਕੀ ਤੁਸੀਂ ਸੋਚ ਸਕਦੇ ਹੋ ਕਿ ਉਹ ਬਕਸੇ ਵਰਗੀ ਚੀਜ਼ ਕੀ ਸੀ ?

ਇਸ ਬਕਸੇ ਦੇ ਆਹਮਣੇ-ਸਾਹਮਣੇ ਵਾਲੇ ਪਾਸਿਆਂ 'ਤੇ ਲਿਖੀਆਂ ਸੰਖਿਆਵਾਂ ਦਾ ਜੋੜ ਹਮੇਸ਼ਾ 7 ਹੁੰਦਾ ਹੈ।

- ਸੰਖਿਆ 5 ਦੇ ਆਹਮਣੇ-ਸਾਹਮਣੇ ਕਿਹੜੀ ਸੰਖਿਆ ਹੋਵੇਗੀ ?
- ਚਿੱਤਰ ਵਿੱਚ ਸਭ ਤੋਂ ਹੇਠਾਂ ਕਿਹੜੀ ਸੰਖਿਆ ਲਿਖੀ ਹੋਵੇਗੀ ?
- ਜੇਕਰ ਗਿਬਲੀ ਇੱਕ ਵਾਰ ਫਿਰ 5 ਤੋਂ ਖੱਬੇ ਪਾਸੇ ਮੁੜੇ ਤਾਂ ਉਸਨੂੰ ਕਿਹੜੀ ਸੰਖਿਆ ਦਿਖੇਗੀ ?
- ਕੀ ਤੁਸੀਂ ਸੋਚ ਸਕਦੇ ਹੋ ਕੇ ਜੇਕਰ ਤੁਸੀਂ ਇਸ ਬਕਸੇ ਨੂੰ ਖੋਲ ਦਿਓ ਤੇ ਉਹ ਕਿਹੋ ਜਿਹਾ ਲੱਗੇਗਾ ?ਸਹੀ ਚਿੱਤਰ 'ਤੇ ਨਿਸ਼ਾਨ ਲਗਾਓ।




### ਪਤਾ ਲਗਾਓ—

ਇਸ ਤਰ੍ਹਾਂ ਦੀ ਆਕ੍ਰਿਤੀ ਇੱਕ ਮੋਟੇ ਕਾਗਜ਼ 'ਤੇ ਬਣਾਓ। ਉਸਨੂੰ ਕੱਟੋ ਅਤੇ ਉਸਦੇ ਵੱਖ-ਵੱਖ ਪਾਸਿਆਂ ਵਿੱਚ ਵੱਖ-ਵੱਖ ਰੰਗ ਭਰੋ।


ਕੀ ਤੁਸੀਂ ਇਸ ਬਕਸੇ ਦੀ ਵਰਤੋਂ ਕੋਈ ਖੇਡ ਖੇਡਣ ਲਈ ਕਰ ਸਕਦੇ ਹੋ ?

# 6 ਕਬਾੜੀਵਾਲੀ






ਕੀ ਤੁਸੀਂ ਕਦੀ ਕਿਸੇ 'ਕਬਾੜੀਵਾਲੀ' ਨਾਲ ਮਿਲੇ ਹੋ–ਜੋ ਕਬਾੜ ਵੇਚਦੀ ਹੈ। ਇਹ ਕਿਰਨ ਦੀ ਸੱਚੀ ਕਹਾਣੀ ਹੈ ਜਿਸਦੀ ਪਟਨਾ ਵਿੱਚ ਕਬਾੜ ਦੀ ਦੁਕਾਨ ਹੈ।



ਮੈਂ ਪਿੰਡ ਦੇ ਇੱਕ ਹਿੰਦੀ ਮੀਡੀਅਮ (ਮਾਧਿਅਮ) ਸਕੂਲ ਵਿੱਚ ਪੜ੍ਹੀ ਹਾਂ। ਮੇਰੇ ਪਿਤਾ ਜੀ ਚਾਹੁੰਦੇ ਸਨ ਕਿ ਕੁੜੀਆਂ ਵੀ ਮੁੰਡਿਆਂ ਵਾਂਗ ਪੜ੍ਹਨ। ਮੈਨੂੰ ਹਿੰਦੀ ਅਤੇ ਵਿਗਿਆਨ ਪੜ੍ਹਨਾ ਚੰਗਾ ਲੱਗਦਾ ਸੀ ਪਰ ਗਣਿਤ ਤੋਂ ਮੈਨੂੰ ਨਫਰਤ ਸੀ। ਪਰ ਅੱਜ ਗਣਿਤ ਹੀ ਮੇਰੇ ਸਭ ਤੋਂ ਜ਼ਿਆਦਾ ਕੰਮ ਆਉਂਦਾ ਹੈ। ਮੈਂ ਸਕੂਲ ਵਿੱਚ ਇਹ ਕਦੀ ਸੋਚ ਵੀ ਨਹੀਂ ਸਕਦੀ ਸੀ।

ਤੁਸੀਂ ਕੀ ਸੋਚਦੇ ਹੋ ? ਕੀ ਤੁਹਾਨੂੰ ਗਣਿਤ ਮੁਸ਼ਕਿਲ ਲੱਗਦਾ ਹੈ ?

ਤੁਹਾਨੂੰ ਗਣਿਤ ਦੀ ਕਿਤਾਬ ਵਿੱਚ ਸਭ ਤੋਂ ਮੁਸ਼ਕਿਲ ਕੀ ਲੱਗਦਾ ਹੈ ? ________

ਤੁਹਾਨੂੰ ਉਸ ਵਿਚ ਸਭ ਤੋਂ ਅਸਾਨ ਪਾਠ ਕਿਹੜਾ ਲੱਗਦਾ ਹੈ ? ________

ਜਦੋਂ ਮੈਂ ਛੋਟੀ ਸੀ ਤਾਂ ਮੇਰੇ ਪਿਤਾ ਜੀ ਦੀ ਇੱਕ ਦੁਰਘਟਨਾ ਵਿੱਚ ਮੌਤ ਹੋ ਗਈ ਸੀ। ਇਸ ਲਈ ਮੇਰੀ ਮਾਂ ਨੂੰ ਦੂਜਿਆਂ ਦੇ ਘਰ ਨੌਕਰਾਨੀ ਦੇ ਰੂਪ ਵਿੱਚ ਕੰਮ ਕਰਨਾ ਪਿਆ। ਅਸੀਂ ਬਹੁਤ ਔਖੇ ਸਮੇਂ ਚੋਂ ਨਿਕਲੇ। ਮੈਨੂੰ ਅੱਠਵੀਂ ਜਮਾਤ ਤੋਂ ਬਾਅਦ ਸਕੂਲ ਛੱਡਣਾ ਪਿਆ। ਮੈਂ ਹੋਰ ਅੱਗੇ ਪੜ੍ਹਨਾ ਚਾਹੁੰਦੀ ਸੀ ਪਰ ਮੇਰੀ ਮਾਂ ਨੇ ਮੇਰਾ ਵਿਆਹ ਕਰ ਦਿੱਤਾ।

ਮੇਰੇ ਪਤੀ ਦਾ ਪਰਿਵਾਰ ਇੱਕ ਕੱਚੇ ਮਕਾਨ ਵਿੱਚ ਰਹਿੰਦਾ ਸੀ। ਉਹਨਾਂ ਦੇ ਦੋ ਭਰਾ ਅਤੇ ਇੱਕ ਭੈਣ ਸਕੂਲ ਨਹੀਂ ਜਾਂਦੇ ਸਨ। ਮੇਰੇ ਪਤੀ ਦੀ ਚਾਹ ਦੀ ਇੱਕ ਦੁਕਾਨ ਸੀ।

## ਪਤਾ ਲਗਾਓ- ਇੱਕ ਕੱਪ ਚਾਹ ਦੀ ਕੀਮਤ


ਲੋਕਾਂ ਨੂੰ ਪੁੱਛਕੇ ਇੱਕ ਕੱਪ ਚਾਹ ਦੀ ਕੀਮਤ ਪਤਾ ਕਰੋ।

* ਇੱਕ ਚਾਹ ਦੀ ਦੁਕਾਨ 'ਤੇ ____________
* ਇੱਕ ਹੋਟਲ ਵਿੱਚ ____________

ਜੇਕਰ ਇੱਕ ਆਦਮੀ ਚਾਹ ਦੀ ਦੁਕਾਨ ਤੋਂ ਇੱਕ ਦਿਨ ਵਿੱਚ 30 ਰੁਪਏ ਕਮਾਉਂਦਾ ਹੈ ਤਾਂ ਉਹ 10 ਦਿਨਾਂ ਵਿੱਚ ਕਿੰਨਾ ਕਮਾਵੇਗਾ ? ____________

ਇੱਕ ਮਹੀਨੇ ਵਿੱਚ ? ____________





ਮੈਂ ਆਪਣਾ ਵਪਾਰ ਕਰਨ ਦੀ ਸੋਚੀ। ਕਦੇ ਇੱਕ ਵੰਗਾਂ ਦੀ ਦੁਕਾਨ ਖੋਲਣ ਦੀ ਸੋਚੀ ਤੇ ਕਦੀ ਦਰਜੀ ਦੀ ਦੁਕਾਨ। ਪਰ ਮੇਰੇ ਚਾਚਾ ਜੀ ਨੇ ਕਿਹਾ ਕਿ ਅਸੀਂ ਕਬਾੜੀ ਦੀ ਦੁਕਾਨ ਖੋਲਕੇ ਜ਼ਿਆਦਾ ਕਮਾ ਸਕਦੇ ਹਾਂ।

2001 ਵਿੱਚ ਮੈਂ ਅਤੇ ਮੇਰੀ ਸੱਸ ਨੇ ਮਿਲਕੇ ਕਬਾੜੀ ਦੀ ਦੁਕਾਨ ਖੋਲ੍ਹੀ। ਅਸੀਂ ਦੁਕਾਨ ਦੇ ਲਈ 8000 ਰੁ. ਉਧਾਰ ਲਏ।

## ਪਤਾ ਲਗਾਓ -ਉਧਾਰ ਕੀ ਹੈ ?

* ਕੀ ਤੁਸੀਂ ਕਦੀ ਕਿਸੇ ਨੂੰ ਉਧਾਰ ਲੈਣ ਬਾਰੇ ਸੁਣਿਆ ਹੈ ? ਕਿਸ ਲਈ ? ____________
* ਕਿੰਨਾ ਉਧਾਰ ਲਿਆ ਸੀ ? ____________
* ਕਿੰਨਾ ਪੈਸਾ ਵਾਪਸ ਕੀਤਾ ਗਿਆ ? ____________

ਹਰੀਆ ਅਤੇ ਬਾਬੂ 300 ਰੁਪਏ ਵਿੱਚ ਹੱਥ-ਠੇਲ੍ਹਾ ਖਰੀਦਣਾ ਚਾਹੁੰਦੇ ਹਨ।



ਮੈਂ ਇੱਕ ਬੈਂਕ ਤੋਂ 300 ਰੁਪਏ ਉਧਾਰ ਲਏ। ਛੇ ਮਹੀਨੇ ਤੱਕ ਮੈਂ 51 ਰੁਪਏ ਹਰ (ਪ੍ਰਤੀ) ਮਹੀਨੇ ਬੈਂਕ ਨੂੰ ਵਾਪਸ ਕਰਾਂਗਾ।


ਪਰ ਮੈਂ ਚੰਨੀ ਲਾਲ ਤੋਂ 300 ਰੁਪਏ ਲਏ। ਛੇ ਮਹੀਨੇ ਬਾਅਦ ਮੈਂ ਉਸਨੂੰ 360 ਰੁਪਏ ਵਾਪਸ ਕਰਾਂਗਾ।



ਹਰੀਆ

ਬਾਬੂ

ਕਿਸ ਨੂੰ ਵੱਧ ਪੈਸੇ ਵਾਪਸ ਕਰਨੇ ਪੈਣਗੇ — ਹਰੀਆ ਨੂੰ ਜਾਂ ਬਾਬੂ ਨੂੰ ? ____________



ਲੋਕ ਸਾਡੇ ਕੰਮ ਬਾਰੇ ਸੁਣ ਕੇ ਬਹੁਤ ਹੱਸੇ ਅਤੇ ਮਜਾਕ ਉਡਾਇਆ। ਉਹਨਾਂ ਨੇ ਇਸ ਨੂੰ ਗੰਦਾ ਕੰਮ ਕਿਹਾ। ਪਰ ਮੈਂ ਅਜਿਹਾ ਨਹੀਂ ਸੋਚਦੀ। ਮੈਂ ਜਾਣਦੀ ਸੀ ਕਿ ਮੈਂ ਇਸ ਕੰਮ ਵਿੱਚ ਸਫਲਤਾ ਪ੍ਰਾਪਤ ਕਰਾਂਗੀ।



ਹੁਣ ਸਾਡੇ ਕੋਲ ਪੱਕਾ ਮਕਾਨ ਹੈ ਜਿੱਥੇ ਬਿਜਲੀ ਵੀ ਹੈ। ਸਾਡੇ ਕੋਲ ਫਰਿਜ, ਟੀ. ਵੀ ਅਤੇ ਗੈਸ ਸਟੋਵ ਹੈ। ਮੇਰੇ ਪਤੀ ਦੇ ਭੈਣ ਭਰਾ ਅਤੇ ਮੇਰੀਆਂ ਲੜਕੀਆਂ ਵੀ ਸਕੂਲ ਜਾਂਦੀਆਂ ਹਨ ?



ਮੇਰੇ ਆਪਣੇ 9 ਰਿਕਸ਼ੇ ਹਨ, ਮੈਂ ਇਹਨਾਂ ਰਿਕਸ਼ਿਆਂ ਨੂੰ 20 ਰੁਪਏ ਹਰ ਰੋਜ ਪ੍ਰਤੀ ਰਿਕਸ਼ੇ ਦੇ ਹਿਸਾਬ ਕਿਰਾਏ ਤੇ ਦਿੰਦੀ ਹਾਂ। ਪਰ ਮੈਂ ਐਤਵਾਰ ਨੂੰ ਕਿਰਾਏ ਦਾ ਇੱਕ ਪੈਸਾ ਨਹੀਂ ਲੈਂਦੀ।

ਕਿਰਨ 9 ਰਿਕਸ਼ਿਆ ਤੋਂ ਰੋਜ ਕਿੰਨਾ ਕਮਾ ਲੈਂਦੀ ਹੈ ?

ਇੱਕ ਰਿਕਸ਼ੇ ਤੋਂ ਉਸਨੂੰ 20 ਰੁਪਏ ਮਿਲਦੇ ਹਨ।

ਇਸ ਲਈ ਉਹ 9 ਰਿਕਸ਼ਿਆਂ ਤੋਂ __________ ਰੁਪਏ ਕਮਾਵੇਗੀ।

ਤੁਸੀ ਇਹ ਕਿਵੇਂ ਕਰੋਗੇ ?

ਵੇਖੋ ! ਮੈਂ ਇਸ ਨੂੰ ਇਸ ਤਰ੍ਹਾਂ ਕਰਾਂਗਾ। 9 ਵਾਰ 2 ਹੋਣ ਤੇ 18 ਹੋਵੇਗਾ, ਇਸ ਲਈ 9 ਵਾਰ 20 ਹੋਣ ਤੇ 180 ਹੋਵੇਗਾ।



ਪਰ ਮੈਨੂੰ ਇਸਦਾ ਇੱਕ ਅਸਾਨ ਤਰੀਕਾ ਮਿਲ ਗਿਆ ਹੈ। 10 ਰਿਕਸ਼ਿਆਂ ਲਈ ਉਸ ਨੂੰ ਮਿਲਣਗੇ 20 ਰੁਪਏ × 10-200 ਰੁਪਏ। ਉਸਦੇ ਕੋਲ 9 ਰਿਕਸ਼ੇ ਹਨ ਤਾਂ ਉਸਨੂੰ ਕੁੱਲ 200 - ...... = ...... ਰੁਪਏ ਮਿਲਣਗੇ।

ਕੀ ਤੁਹਾਡੇ ਦਿਮਾਗ ਵਿੱਚ ਇਸਨੂੰ ਕਰਨ ਦਾ ਕੋਈ ਹੋਰ ਤਰੀਕਾ ਆਉਂਦਾ ਹੈ ?

ਵਿਦਿਆਰਥੀਆ ਨੂੰ ਪ੍ਰੇਰਿਤ ਕਰੋ ਕਿ ਉਹ ਆਪਣੇ ਢੰਗ ਨਾਲ ਇਸ ਨੂੰ ਕਰਨ। ਇਸ 'ਤੇ ਵੀ ਚਰਚਾ ਕਰਵਾਈ ਜਾ ਸਕਦੀ ਹੈ ਕਿ ਉਹ ਉੱਤਰ ਤੱਕ ਕਿਵੇਂ ਪਹੁੰਚਣ ?

* ਕਿਰਨ ਇੱਕ ਹਫਤੇ ਵਿੱਚ ਇੱਕ ਰਿਕਸ਼ੇ ਤੋਂ ਕਿਨਾਂ ਕਮਾ ਲੈਂਦੀ ਹੈ ?

* **ਆਪਣੇ ਦਿਮਾਗ ਵਿੱਚ ਕਰੋ ਅਤੇ ਉੱਤਰ ਲਿਖੋ।**

4×80 ਤੋਂ 4×81 ਚਾਰ ਵੱਧ ਹਨ, ਕੀ ਇਹ ਸਹੀ ਹੈ ?

| | |
|---|---|
| $2 \times 6$ = ________ | $4 \times 80$ = ________ |
| $20 \times 6$ = ________ | $4 \times 81$ = ________ |
| $2 \times 60$ = ________ | $9 \times 25$ = ________ |
| $3 \times 42$ = ________ | $31 \times 9$ = ________ |



ਮੇਰੀ ਆਪਣੀ ਛੋਟੀ ਜਿਹੀ ਕਬਾੜੀ ਦੀ ਦੁਕਾਨ ਹੈ। ਮੈਂ ਕਬਾੜੀ ਵਾਲਿਆਂ ਤੋਂ ਕਬਾੜ ਖ਼ਰੀਦਦੀ ਹਾਂ। ਉਹ ਘਰ-ਘਰ ਜਾ ਕੇ ਹੱਥ ਗੱਡੀ ਵਿੱਚ ਕਬਾੜ ਇਕੱਠਾ ਕਰਦੇ ਹਨ। ਮੈਂ ਉਹਨਾਂ ਤੋਂ ਖਰੀਦ ਕੇ ਵੱਡੀਆਂ ਦੁਕਾਨਾਂ 'ਤੇ ਵੇਚ ਦਿੰਦੀ ਹਾਂ।

## ਇਸ ਕਬਾੜ ਲਈ ਕਿੰਨੇ ਰੁਪਏ ਦਿੱਤੇ ਜਾਣ ?

ਕਿਰਨ ਨੇ ਕਬਾੜੀਵਾਲੇ ਤੋਂ ਕੁੱਝ ਕਬਾੜ ਖਰੀਦਿਆ। ਅੱਜ ਦੀ ਕੀਮਤ ਵੇਖਣ ਦੇ ਲਈ ਮੁੱਲ ਸੂਚੀ ਵੇਖੋ ਕਬਾੜ ਦੀ ਕੀਮਤ ਪਤਾ ਕਰਨ ਵਿੱਚ ਕਿਰਨ ਦੀ ਮਦਦ ਕਰੋ।

1 ਕਿਲੋ ਅਖ਼ਬਾਰ 5 ਰੁਪਏ ਵਿੱਚ ਵਿਕਦਾ ਹੈ। 30 ਕਿਲੋ ਦੀ ਕੀਮਤ ਹੋਵੇਗੀ 5×30=150 ਰੁਪਏ। 31 ਕਿਲੋ ਅਖ਼ਬਾਰ ਦੇ ਲਈ ਉਸਨੂੰ ਦੇਣੇ ਪੈਣਗੇ .......... ਰੁਪਏ।

* 31 ਕਿਲੋਗ੍ਰਾਮ ਦੇ ਲਈ ਕਿਰਨ ਕਿੰਨੇ ਰੁਪਏ ਦੇਵੇਗੀ ?

ਇਹ ਅਭਿਆਸ ਬੱਚਿਆਂ ਨੂੰ ਗੁਣਾ ਕਰਨ ਦੀਆਂ ਅਲੱਗ-ਅਲੱਗ ਵਿਧੀਆਂ (ਮਾਣਕ ਵਿਧੀ ਤੋਂ ਇਲਾਵਾ) ਦਾ ਉਪਯੋਗ ਕਰਨ ਦੇ ਲਈ ਉਤਸ਼ਾਹਿਤ ਕਰੇਗਾ।

## ਰੇਟ ਲਿਸਟ

| ਕਬਾੜ | ਕੀਮਤ ਪ੍ਰਤੀ ਕਿਲੋ |
|---|---|
| 1. ਬੇਕਾਰ ਕਾਗਜ਼ | 4 ਰੁਪਏ |
| 2. ਅਖ਼ਬਾਰ | 5 ਰੁਪਏ |
| 3. ਲੋਹਾ | 12 ਰੁਪਏ |
| 4. ਪਿੱਤਲ | 170 ਰੁਪਏ |
| 5. ਪਲਾਸਟਿਕ | 10 ਰੁਪਏ |

* ਕਿਰਨ ਨੂੰ 42 ਕਿਲੋ ਅਖ਼ਬਾਰ ਦੇ ਲਈ ਕਿੰਨਾ ਪੈਸਾ ਦੇਣਾ ਪਵੇਗਾ ?
* ਹੇਠਾਂ ਲਿਖੀਆਂ ਚੀਜ਼ਾਂ ਦਾ ਮੁੱਲ ਪਤਾ ਕਰੋ-

(ੳ) 22 ਕਿਲੋ ਪਲਾਸਟਿਕ

(ਅ) 23 ਕਿਲੋ ਬੇਕਾਰ ਕਾਗਜ਼

(ੲ) 12 ਕਿਲੋ ਲੋਹਾ




ਕੀ ਤੁਸੀਂ ਇਸਨੂੰ ਬਿਨਾਂ ਲਿਖੇ ਕਰ ਸਕਦੇ ਹੋ ?

### ਸਿਆਣੀ ਕਿਰਨ ਦਾ ਕਬਾੜ ਵੇਚਣਾ



ਕਿਰਨ ਆਪਣਾ ਸਾਰਾ ਕਬਾੜ ਵੱਡੀ ਦੁਕਾਨ ਤੇ ਵੇਚ ਦਿੰਦੀ ਹੈ। ਪਹਿਲਾਂ ਉਹ ਮੋਬਾਈਲ ਫੋਨ 'ਤੇ ਕੀਮਤ ਪੁੱਛ ਲੈਂਦੀ ਹੈ ਅਤੇ ਤਾਂ ਹੀ ਵੇਚਦੀ ਹੈ ਜਦੋਂ ਉਸਨੂੰ ਚੰਗੀ ਕੀਮਤ ਮਿਲਦੀ ਹੈ।

ਅੱਜ ਫਿਰ ਉਹ ਦੀਨੂੰ ਦੀ ਵੱਡੀ ਦੁਕਾਨ ਤੇ ਪਲਾਸਟਿਕ, ਅਖ਼ਬਾਰ, ਲੋਹਾ ਅਤੇ ਪਿੱਤਲ ਵੇਚਣ ਗਈ।

ਦੀਨੂੰ ਨੇ 32 ਕਿਲੋ ਲੋਹਾ, 4 ਕਿਲੋ ਪਿੱਤਲ, 152 ਕਿਲੋ ਅਖ਼ਬਾਰ ਅਤੇ 63 ਕਿਲੋ ਪਲਾਸਟਿਕ ਤੋਲਿਆ।





ਦੀਨੂ ਨੇ 63 ਕਿਲੋ ਪਲਾਸਟਿਕ ਦੇ ਬਦਲੇ ਕਿੰਨਾ ਪੈਸਾ ਦਿੱਤਾ ?

1 ਕਿਲੋ ਪਲਾਸਟਿਕ ਦੀ ਕੀਮਤ 12 ਰੁਪਏ ਹੈ।

ਇਸ ਲਈ 63 ਕਿਲੋ ਪਲਾਸਟਿਕ ਦੀ

ਕੀਮਤ $63 \times 12$ ਰੁਪਏ ਹੋਵੇਗੀ।

**ਦੀਨੂ ਦੀ ਰੇਟ ਲਿਸਟ**

| ਕਬਾੜ | ਕੀਮਤ ਪ੍ਰਤੀ ਕਿਲੋ |
|---|---|
| 1. ਅਖਬਾਰ | 6 ਰੁਪਏ |
| 2. ਲੋਹਾ | 14 ਰੁਪਏ |
| 3. ਪਿੱਤਲ | 180 ਰੁਪਏ |
| 4. ਪਲਾਸਟਿਕ | 12 ਰੁਪਏ |
| 5. ਬੇਕਾਰ ਕਾਗਜ਼ | 4.50 ਰੁਪਏ |

ਯਾਦ ਕਰੋ ਜਮਾਤ ਤੀਸਰੀ ਵਿੱਚ ਤੁਸੀਂ ਗੁਣਾ ਦੇ ਲਈ ਬਾਕਸ (ਖਾਨਿਆਂ) ਦਾ ਪ੍ਰਯੋਗ ਕੀਤਾ ਸੀ।

| | 60 | 3 |
|---|---|---|
| 10 | $60 \times 10$<br>600 | $3 \times 10$<br>30 |
| 2 | $60 \times 2$<br>120 | $3 \times 2$<br>6 |




ਦੀਨੂ ਨੇ ਖਾਨਿਆਂ ਵਿੱਚ ਅੰਕਾਂ ਨੂੰ ਜੋੜਿਆ–

$$\begin{array}{r} 600 \\ 120 \\ 30 \\ +\ 6 \\ \hline 756 \\ \hline \end{array}$$

ਇਸ ਲਈ 63 ਕਿਲੋ ਪਲਾਸਟਿਕ ਤੇ ਲਈ ਦੀਨੂ 756 ਰੁਪਏ ਦੇਵੇਗਾ।

* ਕਿਰਨ ਨੇ 1 ਕਿਲੋ ਪਲਾਸਟਿਕ 10 ਰੁਪਏ ਦਾ ਖਰੀਦਿਆ ਪਰ 1 ਕਿਲੋ ਪਲਾਸਟਿਕ 12 ਰੁਪਏ ਦਾ ਵੇਚਿਆ। 1 ਕਿਲੋ ਪਲਾਸਟਿਕ ਵੇਚਣ ਦੇ ਬਾਅਦ ਉਸਦੇ ਕੋਲ ਕਿੰਨੇ ਪੈਸੇ ਬਚੇ ?__________ ਰੁਪਏ

ਫਿਰ 63 ਕਿਲੋ ਵੇਚਣ ਤੋਂ ਬਾਅਦ ਕਿੰਨਾ ਪੈਸਾ ਕਮਾਏਗੀ ?__________

(ਅ) ਕਿਰਨ ਨੇ 32 ਕਿਲੋ ਲੋਹਾ ਵੇਚਿਆ ?

* ਦੀਨੂ 32 ਕਿਲੋ ਲੋਹੇ ਲਈ ਕਿੰਨੇ ਪੈਸੇ ਦੇਵੇਗਾ ?
* ਕਿਰਨ 1 ਕਿਲੋ ਲੋਹਾ 12 ਰੁਪਏ ਵਿੱਚ ਖਰੀਦਦੀ ਹੈ ਪਰ 14 ਰੁਪਏ ਵਿੱਚ ਵੇਚਦੀ ਹੈ।


ਜੇਕਰ ਕਿਰਨ 32 ਕਿਲੋ ਲੋਹਾ ਵੇਚੇ ਤਾਂ ਉਹ ਕਿੰਨਾ ਪੈਸਾ ਕਮਾਏਗੀ ?________

(ੲ) 152 ਕਿਲੋ ਅਖ਼ਬਾਰ ਦੀ ਰੱਦੀ ਦੇ ਲਈ ਦੀਨੂ ਕਿੰਨੇ ਪੈਸੇ ਦੇਵੇਗਾ ?–

1 ਕਿਲੋ ਅਖ਼ਬਾਰ ਦੀ ਕੀਮਤ ਹੈ 6 ਰੁਪਏ। ਇਸ ਲਈ 152 ਕਿਲੋ ਅਖ਼ਬਾਰ ਦੀ ਕੀਮਤ ਹੋਵੇਗੀ 6×152 ਰੁਪਏ।

**ਦੀਨੂ ਨੇ ਲਿਖਿਆ :**

| | 100 | 50 | 2 |
|---|---|---|---|
| 6 | 100 × 6<br>600 | 50 × 6<br>300 | 2×6<br>12 |




ਫਿਰ ਖਾਨਿਆਂ ਦੇ ਅੰਕਾਂ ਨੂੰ ਜੋੜੋ–

$$\begin{array}{r} 600 \\ 300 \\ +\ 12 \\ \hline 912 \\ \hline \end{array}$$




ਇਸ ਲਈ 152 ਕਿਲੋ ਅਖ਼ਬਾਰ ਦੇ ਲਈ
ਉਹ ਕਿਰਨ ਨੂੰ 912 ਰੁਪਏ ਦੇਵੇਗਾ।

(ਸ) ਦੀਨੂ ਨੇ ਪਿੱਤਲ ਦੇ ਲਈ ਕਿੰਨਾ ਪੈਸਾ ਦਿੱਤਾ ?

4 ਕਿਲੋ ਪਿੱਤਲ ਦੇ ਲਈ ਦੀਨੂ ਨੂੰ ਕਿੰਨੇ ਪੈਸੇ ਦੇਣੇ ਪੈਣਗੇ ?________



## ਪਹਿਲਾਂ ਅੰਦਾਜ਼ਾ ਲਗਾਓ ਫਿਰ ਪਤਾ ਕਰੋ

| | | | | | |
|---|---|---|---|---|---|
| (ੳ) | 37 × 18 = | (ਹ) | 142 × 5 = | *(ਘ) | 198 × 10 = |
| (ਅ) | 45 × 24 = | (ਕ) | 382 × 3 = | (ਙ) | 310 × 20 = |
| (ੲ) | 69 × 52 = | (ਖ) | 2 × 175 = | (ਚ) | 478 × 50 = |
| (ਸ) | 77 × 55 = | (ਗ) | 4 × 206 = | (ਛ) | 769 × 100 = |

## ਮੇਰੀ ਡਾਇਰੀ ਭਰੋ

ਕਿਰਨ ਨੇ ਕਬਾੜੀਵਾਲੇ ਤੋਂ ਕੁੱਝ ਕਬਾੜ ਖਰੀਦਿਆ। ਉਸਨੇ ਉਸਨੂੰ 841 ਰੁਪਏ ਦਿੱਤੇ। ਉਸਨੇ ਦੀਨੂ ਦੀ ਵੱਡੀ ਦੁਕਾਨ 'ਤੇ ਕਬਾੜ ਵੇਚਿਆ ਅਤੇ ਦੀਨੂ ਨੇ ਉਸਨੂੰ ਹੇਠ ਦਿਖਾਏ ਗਏ ਨੋਟ ਅਤੇ ਸਿੱਕੇ ਦਿੱਤੇ।




ਕਿਰਨ ਨੇ ਆਪਣੀ ਡਾਇਰੀ ਵਿੱਚ ਕੁੱਝ ਇਸ ਤਰ੍ਹਾਂ ਲਿਖਿਆ-

11 ਮਾਰਚ 2007

ਮੈਂ ਦਿੱਤੇ - 841 ਰੁਪਏ

ਮੈਨੂੰ ਮਿਲੇ — 600 ਰੁਪਏ
— 150 ਰੁਪਏ
— 140 ਰੁਪਏ
— 60 ਰੁਪਏ
— 40 ਰੁਪਏ
— 04 ਰੁਪਏ

ਕੁੱਲ — 994 ਰੁਪਏ


994 ਰੁਪਏ
\- 841 ਰੁਪਏ

ਮੈਂ ਕਮਾਏ : 153 ਰੁਪਏ


ਇਸ ਤੋਂ ਬਾਅਦ ਉਸਨੇ ਕਬਾੜੀ ਵਾਲਿਆਂ ਨੂੰ 919 ਰੁਪਏ ਦਿੱਤੇ। ਜਦੋਂ ਉਸਨੇ ਇਸ ਕਬਾੜ ਨੂੰ ਵੇਚਿਆ ਤਾਂ ਦੀਨੂੰ ਤੋਂ ਉਸਨੂੰ ਹੇਠਾਂ ਦਿਖਾਏ ਗਏ ਨੋਟ ਦੇ ਸਿੱਕੇ ਮਿਲੇ।

 ਦੇ 28 ਸਿੱਕੇ

 ਦੇ 18 ਨੋਟ


 ਦੇ 5 ਨੋਟ

 ਦਾ 1 ਨੋਟ

 ਦੇ 9 ਨੋਟ

ਹੁਣ ਤੁਸੀਂ ਉਸਦੀ ਡਾਇਰੀ ਵਿੱਚ ਲਿਖੋ।

ਪਤਾ ਕਰੋ ਕਿ ਇਸ ਵਾਰ ਉਸਨੇ ਕੀ ਕਮਾਇਆ ?



# 7 * ਜੱਗ ਅਤੇ ਮੱਗ


**ਬੰਨੀ ਅਤੇ ਬੰਨੋ ਆਪਣੇ ਵਿਆਹ ਦੀ ਸਾਲਗਿਰ੍ਹਾ (ਵਰ੍ਹੇਗੰਢ) ਮਨਾ ਰਹੇ-ਹਨ।**

ਕੀ ਤੁਹਾਨੂੰ ਬੰਨੀ ਦੇ ਪਰਿਵਾਰ ਵਿੱਚ ਪਿਛਲੇ ਸਾਲ ਹੋਏ ਵਿਆਹ ਬਾਰੇ ਵਿੱਚ ਯਾਦ ਹੈ? (ਦੇਖੋ-ਗਣਿਤ ਦਾ ਜਾਦੂ, ਜਮਾਤ 3, ਪੰਨਾ 153) ਬੰਨੀ ਅਤੇ ਬੰਨੋ ਨੇ ਇੱਕ ਸਾਲ ਬਾਅਦ ਆਪਣੇ ਵਿਆਹ ਦੀ ਸਾਲਗਿਰ੍ਹਾ ਮਨਾਉਣ ਦੀ ਸੋਚੀ।




ਉਹਨਾਂ ਨੇ ਆਪਣੇ ਪਰਿਵਾਰ ਵਾਲਿਆਂ ਅਤੇ ਮਿੱਤਰਾਂ ਨੂੰ ਬੁਲਾਇਆ। ਉਹਨਾਂ ਨੇ ਖਾਣੇ ਵਿੱਚ ਬਹੁਤ ਹੀ ਮਜ਼ੇਦਾਰ ਚੀਜ਼ 'ਖੀਰ' ਬਣਾਈ।

ਸਾਰੇ ਜੀਵ ਜੰਤੂ ਆਏ। ਦੌੜਦੇ-ਭੱਜਦੇ, ਟੱਪਦੇ-ਕੁਦੱਦੇ ਅਤੇ ਰੇਂਗਦੇ-ਰੁੜਦੇ ਹੋਏ।




ਹਾਥੀ 50 ਲਿਟਰ ਖੀਰ ਪੀ ਰਿਹਾ ਹੈ।

ਜਿਰਾਫ਼______ ਲਿਟਰ ਖੀਰ ਪੀ ਰਿਹਾ ਹੈ।

ਗਾਂ ______ ਲਿਟਰ ਖੀਰ ਪੀ ਰਹੀ ਹੈ।

ਫਿਰ ਗਿਲਹਰੀ (ਗਾਲੜ) ਆਈ। ਉਸਨੇ ਕਿਹਾ–ਮੈਂ 1 ਲਿਟਰ ਖੀਰ ਨਹੀਂ ਪੀ ਸਕਾਂਗੀ। ਇਸ ਲਈ ਮੈਨੂੰ 500 ਮਿਲੀਲਿਟਰ ਖੀਰ ਦਿਓ।

ਗਧੇ ਨੇ ਪੁੱਛਿਆ– 500 ਮਿਲੀਲਿਟਰ ਖੀਰ ? ਕੀ ਇਹ 1 ਲਿਟਰ ਤੋਂ ਜ਼ਿਆਦਾ ਹੈ ?

ਲੂੰਬੜੀ ਨੇ ਕਿਹਾ– ਗਧੇ ਵਾਂਗ ਹੈਰਾਨ ਨਾ ਹੋ, ਸਮਝਣ ਦੀ ਕੋਸ਼ਿਸ਼ ਕਰੋ, ਇੱਕ ਲਿਟਰ ਵਿੱਚ 1000 ਮਿਲੀਲਿਟਰ ਹੁੰਦੇ ਹਨ ਅਤੇ 500 ਮਿਲੀਲਿਟਰ ਦਾ ਮਤਲਬ ਹੋਇਆ ਅੱਧਾ ਲਿਟਰ।

ਡੱਡੂ ਆਪਣੇ ਨੌਂ ਮਿੱਤਰਾਂ ਨਾਲ ਕੁੱਦਦਾ ਹੋਇਆ ਆ ਪਹੁੰਚਿਆ। ਉਸਨੇ ਕਿਹਾ- ਓਹ! ਸਾਨੂੰ ਤਾਂ ਸਿਰਫ਼ 100 ਮਿਲੀਲਿਟਰ ਹੀ ਚਾਹੀਦੀ ਹੈ।



ਅੱਛਾ ਇਹ ਰਹੀ ਤੁਹਾਡੀ ਖੀਰ-ਬਿੱਲੀ ਨੇ ਕਿਹਾ ਜੋ ਸਭ ਨੂੰ ਖੀਰ ਵਰਤਾ ਰਹੀ ਸੀ। ਉਸਨੇ 10 ਗਿਲਾਸ ਲਏ ਅਤੇ ਹਰ ਗਿਲਾਸ ਵਿੱਚ 100 ਮਿਲੀਲਿਟਰ (*ml*) ਖੀਰ ਪਾਈ।




ਗਧੇ ਨੇ ਹੈਰਾਨ ਹੋ ਕੇ ਪੁੱਛਿਆ- ਹਰ ਗਿਲਾਸ ਵਿੱਚ 100 ਮਿਲੀਲਿਟਰ। ਇਹ ਕਿੰਨਾ ਹੋਇਆ?

ਲੂੰਬੜੀ ਨੂੰ ਆਪਣਾ ਤੇਜ਼ ਦਿਮਾਗ ਦਿਖਾਉਣ ਦਾ ਇੱਕ ਹੋਰ ਮੌਕਾ ਮਿਲ ਗਿਆ। ਉਹ ਬੋਲੀ-ਆਹ! ਇਹ ਬਹੁਤ ਆਸਾਨ ਹੈ। ਦਸ ਵਾਰ 100 ਮਿਲੀਲਿਟਰ (*ml*) ਮਤਲਬ __________ ਮਿਲੀਲਿਟਰ (*ml*) = __________ ਲਿਟਰ।

ਹੁਣ ਤੁਸੀਂ ਲਿਖੋ $10 \times 100(ml) =$ ________

ਵੇਖੋ, ਇੱਥੇ ਇੱਕ ਕੀੜੀਆਂ ਦਾ ਦੱਲ ਚਲਿਆ ਆ ਰਿਹਾ ਹੈ-ਟਿੱਡਾ ਬੋਲਿਆ।




ਖੀਰ ਤਾਂ ਖ਼ਤਮ ਹੋ ਗਈ। ਹੁਣ ਅਸੀਂ ਕੀ ਕਰੀਏ-ਬਿੱਲੀ ਉਦਾਸ ਹੋ ਕੇ ਬੋਲੀ।



ਚਿੰਤਾ ਨਾ ਕਰੋ ਉਹ ਜ਼ਿਆਦਾ ਨਹੀਂ ਖਾਣਗੀਆਂ। ਹਰ ਇੱਕ ਨੂੰ ਸਿਰਫ਼ 1 ਮਿਲੀਲਿਟਰ ਖੀਰ ਚਾਹੀਦੀ ਹੈ। ਮੈਂ ਆਪਣੀ ਖੀਰ ਵਿਚੋਂ ਉਹਨਾਂ ਨੂੰ ਹਿੱਸਾ ਦੇ ਦੇਵਾਂਗਾ-ਹਾਥੀ ਆਪਣੇ ਕੰਨਾਂ ਨਾਲ ਬਿੱਲੀ ਦੀਆਂ ਅੱਖਾਂ ਦੇ ਅੱਥਰੂ ਪੂੰਝਦਾ ਹੋਇਆ ਬੋਲਿਆ।

ਹਾਥੀ ਨੇ ਪੁੱਛਿਆ- ਤੁਸੀਂ ਸਾਰੇ ਕਿੰਨੇ ਹੋ ?

ਕੀੜੀਆਂ ਨੇ ਇੱਕਠੇ ਕਿਹਾ- ਅਸੀਂ ਸਿਰਫ਼ ਇੱਕ ਹਜ਼ਾਰ ਹਾਂ। ਬਿੱਲੀ ਬੋਲੀ-ਕੀ ਕਿਹਾ, ਇੱਕ ਹਜ਼ਾਰ। ਸਾਨੂੰ 1000 ਕੀੜੀਆਂ ਨੂੰ ਖੀਰ ਦੇਣੀ ਪਏਗੀ ?

ਕੁੱਝ ਸੋਚਦੇ ਹਾਥੀ ਨੇ ਕਿਹਾ- ਚਿੰਤਾ ਦੀ ਕੋਈ ਗੱਲ ਨਹੀਂ, ਹੋ ਜਾਵੇਗਾ

ਹਰ ਕੀੜੀ 1 ਮਿਲੀਲਿਟਰ (*ml*) ਖੀਰ ਖਾਏਗੀ।

ਇਸ ਲਈ 1000 ਕੀੜੀਆਂ ਖੀਰ ਖਾਣਗੀਆਂ $-1000 \times 1\,ml =$ ________ $ml$ .

ਉਹ! ਇਹਨਾਂ ਕੀੜੀਆਂ ਨੂੰ ਓਨਾ ਹੀ ਚਾਹੀਦਾ ਹੈ ਜਿੰਨਾ 10 ਡੱਡੂਆਂ ਨੂੰ ਚਾਹੀਦਾ ਹੈ-ਗਧੇ ਨੇ ਕਿਹਾ।

ਸਾਰੀਆਂ ਕੀੜੀਆਂ ਨੇ ਖੀਰ ਖਾ ਲਈ। ਸਾਰੇ ਖੁਸ਼ ਸਨ। ਹੁਣ ਉਹ ਵਿਆਹ ਦੀ ਸਾਲਗਿਰ੍ਹਾ ਦੇ ਮੌਕੇ ਤੇ ਖੁਸ਼ੀ ਨਾਲ ਨੱਚਣ-ਗਾਉਣ ਲੱਗੇ



## ਕੌਣ ਖਾ ਸਕਦਾ ਹੈ 1 ਲਿਟਰ ਖੀਰ


ਕੀ ਤੁਹਾਨੂੰ ਖੀਰ ਪਸੰਦ ਹੈ ? ਤੁਹਾਡੇ ਘਰ ਖੀਰ ਨੂੰ ਕੀ ਕਿਹਾ ਜਾਂਦਾ ਹੈ ?

ਤੁਸੀਂ ਕਿੰਨੀ ਖੀਰ ਖਾ ਸਕਦੇ ਹੋ ?

ਕੀ ਤੁਸੀਂ ਇੱਕ ਵਾਰ ਵਿੱਚ 1 ਲਿਟਰ ਪਾਣੀ ਪੀ ਸਕਦੇ ਹੋ ?




ਇਹ ਗਧਾ ਅੱਡ-ਅੱਡ ਤਰੀਕਿਆਂ ਨਾਲ ਜੋੜ ਕੇ 1 ਲਿਟਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਚਾਰਟ ਨੂੰ ਪੂਰਾ ਕਰਨ ਵਿੱਚ ਉਸਦੀ ਮਦਦ ਕਰੋ।



## ਆਲੇ ਦੁਆਲੇ ਦੇਖੋ

ਇਹਨਾਂ ਚਿੱਤਰਾਂ ਨੂੰ ਦੇਖੋ। ਅਜਿਹੀਆਂ ਹੋਰ ਕਿਹੜੀਆਂ ਚੀਜ਼ਾਂ ਹਨ ਜੋ ਪੈਕੇਟ ਵਿੱਚ ਮਿਲਦੀਆਂ ਹਨ ਜਾਂ ਬੋਤਲ ਵਿੱਚ ? ਆਪਣੀ ਸੂਚੀ ਬਣਾਓ।







| ਪੈਕਟ | ਕਿੰਨਾ ਹੈ ਲਿਟਰ ਜਾਂ ਮਿਲੀਲਿਟਰ (*ml*) ਵਿੱਚ |
|---|---|
| ਦੁੱਧ | 500 *ml* |
| | |
| | |
| | |
| | |







## ਮੇਰੀ ਲਿਟਰ ਦੀ ਬੋਤਲ

ਕੀ ਤੁਸੀਂ ਕਦੀ ਇੱਕ ਲਿਟਰ ਵਾਲੀ ਪਾਣੀ ਦੀ ਬੋਤਲ ਦੇਖੀ ਹੈ ?

1 ਲਿਟਰ ਵਾਲੀ ਬੋਤਲ ਅਤੇ ਕੁੱਝ ਹੋਰ ਛੋਟੀਆਂ ਬੋਤਲਾਂ ਇੱਕਠੀਆਂ ਕਰੋ। ਅੰਦਾਜ਼ਾ ਲਗਾਓ ਕਿ ਉਹਨਾਂ ਛੋਟੀਆਂ-ਛੋਟੀਆਂ ਬੋਤਲਾਂ ਦੇ ਨਾਲ ਇੱਕ ਲਿਟਰ ਵਾਲੀ ਬੋਤਲ ਭਰਨ ਦੇ ਲਈ ਤੁਹਾਨੂੰ ਕਿੰਨੀ ਵਾਰ ਪਾਣੀ ਉਲਟਣਾ ਪਵੇਗਾ।

ਹੁਣ ਕਰਕੇ ਦੇਖੋ ਤੁਹਾਡਾ ਅੰਦਾਜ਼ਾ ਸਹੀ ਹੈ ਜਾਂ ਨਹੀਂ। ਸੂਚੀ ਭਰੋ

| ਬੋਤਲਾਂ | ਮੇਰਾ ਅੰਦਾਜ਼ਾ | ਮੇਰਾ ਨਾਪ |
|---|---|---|
| ਬੋਤਲ 1 | | |
| ਬੋਤਲ 2 | | |
| ਬੋਤਲ 3 | | |
| | | |
| | | |

ਦੇਖੋ ਆਦਿਤਅਨ ਕੀ ਕਰ ਰਿਹਾ ਹੈ।




ਉਸਦੀ ਇੱਕ ਛੋਟੀ ਬੋਤਲ ਵਿੱਚ ਕਿੰਨਾ ਪਾਣੀ ਸੀ?

__________




ਹੁਣ ਲੀਲਾ ਦੀ ਛੋਟੀ ਬੋਤਲ ਵਿੱਚ ਕਿੰਨਾ ਪਾਣੀ ਹੋਵੇਗਾ?

__________

## ਰਾਮੂ ਦੀ ਨਾਪ ਦੀ ਬੋਤਲ

ਰਾਮੂ ਕੋਲ ਇੱਕ ਖਾਲੀ 250 ਮਿਲੀਲਿਟਰ ਦੀ ਨਾਰੀਅਲ ਦੇ ਤੇਲ ਦੀ ਬੋਤਲ ਹੈ। ਇਸ ਚਿੱਤਰ ਨੂੰ ਦੇਖੋ ਅਤੇ ਦੱਸੋ ਕਿ ਬੋਤਲ ਨੂੰ ਨਾਪ ਦੀ ਬੋਤਲ ਬਣਾਉਣ ਦੇ ਲਈ ਉਸਨੇ ਕੀ ਕੀਤਾ।




## ਮੇਰੀ ਨਾਪ ਦੀ ਬੋਤਲ

200 *ml* 400 *ml* 600 *ml* 800 *ml* ਅਤੇ ਇੱਕ ਲਿਟਰ ਨਾਪਣ ਦੇ ਲਈ ਆਪਣੀ ਬੋਤਲ ਆਪ ਬਣਾਉਣ ਦੀ ਕੋਸ਼ਿਸ਼ ਕਰੋ। ਆਪਣੇ ਮਿੱਤਰਾਂ ਅਤੇ ਅਧਿਆਪਕਾਂ ਨਾਲ ਗੱਲਬਾਤ ਕਰੋ ਕਿ ਇਹ ਬੋਤਲ ਤੁਸੀਂ ਕਿਵੇਂ ਬਣਾਈ।

## ਅੰਦਾਜ਼ਾ ਲਗਾਓ ਅਤੇ ਪਤਾ ਕਰੋ

ਆਪਣੇ ਘਰ ਵਿੱਚ ਬਾਲਟੀਆਂ, ਮੱਗਾਂ, ਗਿਲਾਸਾਂ ਅਤੇ ਦੂਜੀਆਂ ਚੀਜ਼ਾਂ ਨੂੰ ਵੇਖੋ। ਸੋਚੋ, ਹਰ ਇੱਕ ਵਿੱਚ ਕਿੰਨਾ ਪਾਣੀ ਆ ਸਕਦਾ ਹੈ। ਨਾਪਣ ਵਾਲੀ ਬੋਤਲ ਨਾਲ ਆਪਣੇ ਉੱਤਰ ਦੀ ਪੜਤਾਲ ਕਰੋ।

| | ਮੇਰਾ ਅੰਦਾਜ਼ਾ | ਮੇਰਾ ਨਾਪ |
|---|---|---|
| ਮੱਗ | | |
| ਗਿਲਾਸ | | |
| ਟੱਬ | | |
| | | |
| | | |
| | | |
| | | |




## ਨੀਤੂ ਹਸਪਤਾਲ ਵਿੱਚ

ਨੀਤੂ ਨੂੰ ਪੰਜ ਦਿਨ ਹਰ ਰੋਜ਼ 3 ਇੰਜੈਕਸ਼ਨ (ਟੀਕੇ) ਲੱਗਣਗੇ।

ਉਸਨੂੰ ਇੱਕ ਦਿਨ ਵਿੱਚ ਕਿੰਨੀ ਦਵਾਈ ਦੀ ਜਰੂਰਤ ਹੈ ?

5 ਦਿਨ ਵਿੱਚ ਕੁੱਲ ਕਿੰਨੀ ਦਵਾਈ ਦਿੱਤੀ ਜਾਏਗੀ ?



### ਇੱਕ ਵਾਰ ਵਿੱਚ ਅਸੀਂ ਕਿੰਨਾ ਇਸਤੇਮਾਲ (ਵਰਤਦੇ) ਹਾਂ ?

- ਅੱਖਾਂ ਵਿੱਚ ਪਾਉਣ ਵਾਲੀ ਦਵਾਈ — ਅਸੀ ਇੱਕ ਵਾਰ ਵਿੱਚ 1 *ml* ਤੋਂ ਵੀ ਘੱਟ ਇਸਤੇਮਾਲ ਕਰਦੇ ਹਾਂ,
- ________ ________________
- ________ ________________
- ________ ________________

ਉਹਨਾਂ ਚੀਜ਼ਾਂ ਦੀ ਸੂਚੀ ਬਣਾਓ ਜਿਨ੍ਹਾਂ ਦਾ ਪ੍ਰਯੋਗ ਇੱਕ ਵਾਰ ਵਿੱਚ 1 ਲਿਟਰ ਤੋਂ ਵੀ ਜ਼ਿਆਦਾ ਕੀਤਾ ਜਾਂਦਾ ਹੈ।

- ਨਹਾਉਣ ਦੇ ਲਈ ਪਾਣੀ
- ________________
- ________________
- ________________

**ਅਭਿਆਸ ਦਾ ਸਮਾਂ**

1. ਅਮੀਨਾ ਦੀ ਪਾਣੀ ਦੀ ਬੋਤਲ ਵਿੱਚ 1 ਲਿਟਰ ਪਾਣੀ ਆਉਂਦਾ ਹੈ। ਉਸਨੇ 250 ਮਿਲੀਲਿਟਰ ਪਾਣੀ ਪੀ ਲਿਆ ਅਤੇ ਉਸਦੇ ਮਿੱਤਰ ਗੋਬਿੰਦ ਨੇ 150 ਮਿਲੀਲਿਟਰ ਪਾਣੀ ਪੀ ਲਿਆ। ਬੋਤਲ ਵਿੱਚ ਕਿੰਨਾ ਪਾਣੀ ਬਚਿਆ ਹੈ ?

2. ਯੂਸਫ ਇੱਕ ਚਾਹ ਦੀ ਦੁਕਾਨ ਚਲਾਉਂਦਾ ਹੈ। ਇੱਕ ਗਿਲਾਸ ਚਾਹ ਬਣਾਉਣ ਦੇ ਲਈ ਉਹ 20 ਮਿਲੀਲਿਟਰ ਦੁੱਧ ਦੀ ਵਰਤੋਂ ਕਰਦਾ ਹੈ। ਕੱਲ ਉਸਨੇ 100 ਗਿਲਾਸ ਚਾਹ ਬਣਾਈ। ਉਸਨੂੰ ਕਿੰਨੇ ਦੁੱਧ ਦੀ ਜਰੂਰਤ ਪਈ ਹੋਵੇਗੀ ?






3. ਰਾਧਾ ਦੀ ਦਾਦੀ ਬਿਮਾਰ ਸੀ। ਡਾਕਟਰ ਨੇ ਉਹਨਾਂ ਨੂੰ 200 ਮਿਲੀਲਿਟਰ ਨਾਲ ਭਰੀ ਹੋਈ ਦਵਾਈ ਦੀ ਬੋਤਲ ਦਿੱਤੀ। ਉਹਨਾਂ ਨੂੰ ਦਸ ਦਿਨਾਂ ਤੱਕ ਰੋਜ਼ ਸਵੇਰੇ ਦਵਾਈ ਲੈਣੀ ਸੀ।

ਉਹਨਾਂ ਨੇ ਹਰ ਰੋਜ਼ ਸਵੇਰੇ ਕਿੰਨੀ ਮਿਲੀਲਿਟਰ ਦਵਾਈ ਲੈਣੀ ਸੀ ? ______



## ਪਾਣੀ-ਪਾਣੀ

ਹੇਠਾਂ ਦਿੱਤੇ ਗਏ ਚਾਰਟ ਵਿੱਚ ਦੱਸਿਆ ਗਿਆ ਹੈ ਕਿ ਪੰਜ ਲੋਕਾਂ ਦੇ ਪਰਿਵਾਰ ਨੂੰ ਇੱਕ ਦਿਨ ਵਿੱਚ ਕਿੰਨੇ ਪਾਣੀ ਦੀ ਜ਼ਰੂਰਤ ਹੈ। ਉਹ ਕਾਂਸਲ ਪਿੰਡ ਵਿੱਚ ਰਹਿੰਦੇ ਹਨ।

| ਕੰਮ | ਪਾਣੀ ਲਿਟਰ ਵਿੱਚ |
|---|---|
| ਖਾਣਾ ਬਣਾਉਣ ਤੇ ਪੀਣ ਲਈ | 30 ਲਿਟਰ |
| ਕੱਪੜੇ ਧੋਣ ਲਈ | 40 ਲਿਟਰ |
| ਭਾਂਡੇ ਧੋਣ ਲਈ | 20 ਲਿਟਰ |
| ਨਹਾਉਣ ਲਈ | 75 ਲਿਟਰ |



ਕੁੱਲ ਮਿਲਾ ਕੇ ਪਰਿਵਾਰ ਨੇ ਕਿੰਨਾ ਪਾਣੀ ਵਰਤਿਆ? ____________

ਤੁਹਾਡਾ ਪਰਿਵਾਰ ਇੱਕ ਦਿਨ ਵਿੱਚ ਕਿੰਨੇ ਲਿਟਰ ਪਾਣੀ ਵਰਤਦਾ ਹੈ?

ਅੰਦਾਜ਼ਾ ਲਗਾਓ ਅਤੇ ਚਾਰਟ ਬਣਾਓ।

| ਕੰਮ | ਪਾਣੀ ਦੀ ਵਰਤੋਂ (ਬਾਲਟੀ ਵਿੱਚ) | ਵਰਤੋਂ (ਲਿਟਰ ਵਿੱਚ) |
|---|---|---|
| ਖਾਣਾ ਬਣਾਉਣ ਅਤੇ ਪੀਣ ਲਈ | | |
| ਕੱਪੜੇ ਧੋਣ ਲਈ | | |
| ਭਾਂਡੇ ਧੋਣ ਲਈ | | |
| | | |
| | | |
| | | |
| | | |

**ਬੂੰਦ ਬੂੰਦ ਨਾਲ ਸਾਗਰ (ਸਮੁੰਦਰ) ਬਣਦਾ ਹੈ।**

ਕੀ ਤੁਹਾਡੇ ਸਕੂਲ ਵਿੱਚ ਜਾਂ ਘਰ ਵਿੱਚ ਕੋਈ ਨਲਕਾ ਹੈ ਜੋ ਟਪਕਦਾ ਰਹਿੰਦਾ ਹੈ?

ਕੀ ਤੁਸੀਂ ਜਾਣਦੇ ਹੋ ਕਿ ਟਪਕਦੇ ਨਲਕੇ ਨਾਲ ਅਸੀਂ ਕਿੰਨਾ ਪਾਣੀ ਬਰਬਾਦ ਕਰਦੇ ਹਾਂ?

1 ਲਿਟਰ ਦੀ ਬੋਤਲ ਟਪਕਦੇ ਨਲਕੇ ਹੇਠਾਂ ਇਸ ਤਰ੍ਹਾਂ ਰੱਖੋ ਕਿ ਸਾਰੀਆਂ ਬੂੰਦਾਂ ਇਸ ਵਿੱਚ ਇਕੱਠੀਆਂ ਹੋ ਜਾਣ। ਸਮਾਂ ਲਿਖੋ। ਇੱਕ ਘੰਟੇ ਬਾਅਦ ਵੇਖੋ ਕਿ ਬੋਤਲ ਵਿੱਚ ਕਿੰਨਾ ਪਾਣੀ ਇਕੱਠਾ ਹੋ ਗਿਆ।

ਪਤਾ ਕਰੋ ਕਿ ਇੱਕ ਦਿਨ ਵਿੱਚ ਕਿੰਨਾ ਪਾਣੀ ਟਪਕ ਕੇ ਬੇਕਾਰ ਹੋ ਜਾਂਦਾ ਹੈ। ________

ਇੱਕ ਹਫ਼ਤੇ ਵਿੱਚ ________

ਇੱਕ ਮਹੀਨੇ ਵਿੱਚ ________


ਇੱਕ ਸਾਲ ਵਿੱਚ ________

## ਬੁਝਾਰਤ




ਬਲੌਂਗੀ ਪਿੰਡ ਵਿੱਚ ਦੁੱਧ ਦੀ ਸਹਿਕਾਰੀ ਸਮਿਤੀ ਹੈ। ਗੀਤਾ ਅਤੇ ਅੰਮਨੀ ਉੱਥੇ 4 ਲਿਟਰ ਦੁੱਧ ਖਰੀਦਣ ਗਈਆਂ। ਪਰ ਉੱਥੇ 1 ਲਿਟਰ ਨਾਪਣ ਵਾਲਾ ਭਾਂਡਾ ਨਹੀਂ ਸੀ। ਸਿਰਫ਼ 3 ਲਿਟਰ ਅਤੇ 5 ਲਿਟਰ ਦੀਆਂ ਬੋਤਲਾਂ ਸੀ। ਫਿਰ ਵੀ ਉਨਾਂ ਨੂੰ 4 ਲਿਟਰ ਦੁੱਧ ਦਿੱਤਾ ਗਿਆ। ਦੱਸੋ ਅਜਿਹਾ ਕਿਵੇਂ ਕੀਤਾ ਗਿਆ।

# 8 ਗੱਡੀਆਂ ਅਤੇ ਪਹੀਏ





ਤੁਸੀਂ ਅਜਿਹੀਆਂ ਗੋਲ-ਗੋਲ ਚੀਜ਼ਾਂ ਆਪਣੇ ਆਲੇ ਦੁਆਲੇ ਜ਼ਰੂਰ ਦੇਖੀਆ ਹੋਣਗੀਆਂ। ਤੁਸੀਂ ਆਪਣੀ ਕਾਪੀ ਵਿੱਚ ਇਸ ਤਰਾਂ ਦੀਆਂ ਗੋਲ-ਗੋਲ ਚੀਜ਼ਾਂ ਦੀ ਇੱਕ ਸੂਚੀ ਬਣਾਓ।

## ਵੰਗ ਨਾਲ ਚੱਕਰ ਬਣਾਓ

ਕੀ ਤੁਸੀਂ ਕਦੀ ਵੰਗਾਂ (ਚੂੜੀਆਂ) ਦੀ ਦੁਕਾਨ, ਤੇ ਗਏ ਹੋ ?



- ਇਸ ਵਿਚੋਂ ਕਿਹੜੀ ਵੰਗ ਤੁਹਾਡੇ ਹੱਥ ਦੇ ਨਾਪ ਦੀ ਹੈ ? ਅੰਦਾਜ਼ਾ ਲਗਾਓ।

- ਇੱਕ ਤਾਰ ਲਓ ਅਤੇ ਆਪਣੇ ਲਈ ਵੰਗ ਬਣਾਓ। ਕੀ ਤੁਹਾਡੀ ਮੈਡਮ ਇਹ ਵੰਗ ਪਾ ਸਕੇਗੀ ?__________

- ਵੰਗ ਦੀ ਵਰਤੋਂ ਚੱਕਰ ਬਣਾਉਣ ਲਈ ਕੀਤੀ ਜਾ ਸਕਦੀ ਹੈ। ਕੁੱਝ ਹੋਰ ਚੀਜ਼ਾਂ ਦੇ ਬਾਰੇ ਸੋਚੋ ਜਿਨ੍ਹਾਂ ਦੀ ਵਰਤੋਂ ਕਰਕੇ ਚੱਕਰ ਬਣਾਇਆ ਜਾ ਸਕਦਾ ਹੈ।

__________________________________________

__________________________________________

- ਹੁਣ ਤੁਸੀਂ ਆਪਣੀ ਕਾਪੀ ਜਾਂ ਨੇੜੇ ਦੇ ਮੈਦਾਨ ਵਿੱਚ ਉਹਨਾਂ ਚੀਜ਼ਾਂ ਦੀ ਮਦਦ ਨਾਲ ਚੱਕਰ ਬਣਾਓ ਜਿਸ ਨਾਲ ਤੁਹਾਨੂੰ ਲੱਗਦਾ ਹੈ ਕਿ ਚੱਕਰ ਬਣਾਇਆ ਜਾ ਸਕਦਾ ਹੈ।

ਕਿਸ ਚੀਜ਼ ਦੀ ਮਦਦ ਨਾਲ ਸਭ ਤੋਂ ਛੋਟਾ ਚੱਕਰ ਬਣ ਸਕਦਾ ਹੈ ?

ਕਿਸ ਚੀਜ਼ ਦੀ ਮਦਦ ਨਾਲ ਸਭ ਤੋਂ ਵੱਡਾ ਚੱਕਰ ਬਣ ਸਕਦਾ ਹੈ ?

## ਗੋਲ ਘੇਰੇ ਦੇ ਖੇਡ


ਬੱਚੇ ਕੁੱਝ ਖੇਡ ਖੇਡ ਰਹੇ ਹਨ

...............



ਖੇਡ 1

ਖੇਡ 2



ਕੀ ਤੁਸੀਂ ਇਹਨਾਂ ਖੇਡਾਂ ਨੂੰ ਖੇਡਦੇ ਹੋ ?

ਇਹਨਾਂ ਨੂੰ ਖੇਡਦੇ ਹੋਏ ਤੁਸੀਂ ਕਿਹੜਾ ਗਾਣਾ ਗਾਉਂਦੇ ਹੋ ?

ਆਪਣੇ ਸਕੂਲ ਵਿੱਚ ਇਹਨਾਂ ਖੇਡਾਂ ਨੂੰ ਖੇਡੋ ।

ਇਹਨਾਂ ਖੇਡਾਂ ਨੂੰ ਖੇਡਣ ਲਈ ਅਸੀਂ ਗੋਲ ਘੇਰਾ ਕਿਉਂ ਬਣਾਉਂਦੇ ਹਾਂ ?

ਜੇਕਰ ਆਇਤ ਬਣਾਉਂਦੇ ਤਾਂ ਕੀ ਹੁੰਦਾ ? ਗੱਲਬਾਤ ਕਰੋ ।

* ਕੁੱਝ ਹੋਰ ਖੇਡਾਂ ਬਾਰੇ ਸੋਚੋ ਜੋ ਗੋਲ ਘੇਰਾ ਬਣਾ ਕੇ ਖੇਡੇ ਜਾ ਸਕਦੇ ਹੋਣ ।



## ਚੱਕਰ ਬਣਾਉਣਾ

ਨੈਨਾ, ਚਿੱਪੂ ਅਤੇ ਅਰੀਬਾ ਇੱਕ ਖੇਡ ਖੇਡਣਾ ਚਾਹੁੰਦੇ ਹਨ। ਉਹ ਮੈਦਾਨ ਵਿੱਚ ਇੱਕ ਵੱਡਾ ਚੱਕਰ ਬਣਾਉਣਾ ਚਾਹੁੰਦੇ ਹਨ। ਪਰ ਉਹਨਾਂ ਤੋਂ ਬਣ ਨਹੀਂ ਰਿਹਾ। ਇਸ ਲਈ ਅਰੀਬਾ ਇੱਕ ਟਹਿਣੀ ਦੀ ਮਦਦ ਦੇ ਨਾਲ ਚੱਕਰ ਬਣਾਉਣ ਦੀ ਕੋਸ਼ਿਸ਼ ਕਰਦੀ ਹੈ।





ਚਿੱਪੂ ਅਤੇ ਨੈਨਾ ਕਹਿੰਦੇ ਹਨ- ਇਹ ਤਾਂ ਬਿੱਲਕੁਲ ਵੀ ਗੋਲ ਨਹੀਂ ਲੱਗ ਰਿਹਾ।

ਅਰੀਬਾ ਕਹਿੰਦੀ ਹੈ-ਅੱਛਾ। ਤੁਸੀਂ ਦੋਵੇਂ ਹੀ ਕੋਸ਼ਿਸ਼ ਕਰਕੇ ਦੇਖ ਲਓ।

ਚਿੱਪੂ ਅਤੇ ਨੈਨਾ ਦੋਵੇਂ ਮੈਦਾਨ ਵਿੱਚ ਆਪਣਾ-ਆਪਣਾ ਗੋਲਾ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।



* ਕੀ ਇਹਨਾਂ ਵਿੱਚੋਂ ਕੋਈ ਚੱਕਰ ਦੀ 'ਚੰਗੀ ਡਰਾਇੰਗ' ਹੈ ?
* ਕੀ ਤੁਸੀਂ ਚਾਕ ਨਾਲ ਫਰਸ਼ ਤੇ ਚੱਕਰ ਬਣਾ ਸਕਦੇ ਹੋ ? ਕੋਸ਼ਿਸ਼ ਕਰੋ।
* ਆਪਣੀ ਕਾਪੀ ਵਿੱਚ ਵੀ ਪੈਨਸਿਲ ਨਾਲ ਚੱਕਰ ਬਣਾਉਣ ਦੀ ਕੋਸ਼ਿਸ਼ ਕਰੋ।
* ਆਪਣੇ ਮਿੱਤਰ ਦੀ ਕਾਪੀ ਵਿੱਚ ਬਣਿਆ ਚੱਕਰ ਵੇਖੋ। ਕਿਸਨੇ ਸਭ ਤੋਂ ਵਧੀਆ ਚੱਕਰ ਬਣਾਇਆ ਹੈ ?

ਇਸ ਅਭਿਆਸ ਦਾ ਉਦੇਸ਼ ਵਿਦਿਆਰਥੀਆਂ ਨੂੰ ਹੱਥ ਨਾਲ ਚੱਕਰ ਬਣਾਉਣ ਦਾ ਮੌਕਾ ਦੇਣਾ ਹੈ। ਫਰਸ਼ ਤੋਂ ਇਲਾਵਾ ਬੱਚੇ ਮੈਦਾਨ ਵਿੱਚ ਕਿਸੇ ਨੁਕੀਲੀ ਚੀਜ ਨਾਲ ਚੱਕਰ ਬਣਾਉਣ ਦਾ ਅਭਿਆਸ ਕਰ ਸਕਦੇ ਹਨ। ਵੱਖ ਵੱਖ ਚਿੱਤਰਾਂ ਦੀ ਤੁਲਨਾ ਨਾਲ ਉਹਨਾਂ ਨੂੰ ਚੱਕਰ ਦੇ ਆਕਾਰ ਦਾ ਅਹਿਸਾਸ ਹੋਵੇਗਾ।

## ਰੱਸੀ ਦੀ ਮਦਦ ਨਾਲ ਚੱਕਰ ਬਣਾਉਣਾ

ਅਰੀਬਾ ਨੇ ਕੀਤਾ ਉਹ ਧਾਗੇ ਅਤੇ ਕਿੱਲ ਦੀ ਮਦਦ ਨਾਲ ਮੈਦਾਨ ਵਿੱਚ ਚੱਕਰ ਮਤਲਬ ਚੱਕਰ ਬਣਾਏਗੀ। ਉਸਨੇ ਇੱਕ ਪਤਲੀ ਰੱਸੀ ਲਈ ਅਤੇ ਉਸਦੇ ਦੋਵਾਂ ਸਿਰਿਆਂ ਨੂੰ ਇੱਕ ਇੱਕ ਕਿੱਲ ਨਾਲ ਬੰਨ੍ਹ ਦਿੱਤਾ। ਫਿਰ ਆਪਣੇ ਇੱਕ ਮਿੱਤਰ ਦੀ ਮਦਦ ਨਾਲ ਚੱਕਰ ਬਣਾਇਆ। ਹੇਠਾਂ ਦਿੱਤੇ ਚਿੱਤਰ ਵਿੱਚ ਵੇਖੋ ਕਿ ਉਹਨਾਂ ਨੇ ਚੱਕਰ ਕਿਵੇਂ ਬਣਾਇਆ।




ਛੋਟੇ ਸਮੂਹ ਬਣਾ ਕੇ ਹੇਠਾਂ ਲਿਖੀਆਂ ਗਤੀਵਿਧੀਆਂ ਕਰੋ।

* ਹਰ ਇੱਕ ਸਮੂਹ ਅੱਡ-ਅੱਡ (ਵੱਖ - ਵੱਖ) ਲੰਬਾਈ ਦੀ ਰੱਸੀ ਅਤੇ ਕਿੱਲਾ ਲੈਣ।

  ਹਰ ਇੱਕ ਸਮੂਹ ਅਰੀਬਾ ਦੀ ਤਰ੍ਹਾਂ ਜ਼ਮੀਨ 'ਤੇ ਚੱਕਰ ਬਣਾਉਣ। ਸਾਰੇ ਸਮੂਹਾਂ ਵਲੋਂ ਬਣਾਏ ਗਏ ਚੱਕਰ ਦੇਖੋ।


* ਕਿਸ ਸਮੂਹ ਨੇ ਸਭ ਤੋਂ ਛੋਟਾ ਚੱਕਰ ਬਣਾਇਆ ?__________

  ਉਹਨਾਂ ਦੀ ਰੱਸੀ ਕਿੰਨੀ ਲੰਬੀ ਸੀ ? __________

* ਕੀ ਜ਼ਿਆਦਾ ਲੰਬੀ ਰੱਸੀ ਨਾਲ ਜ਼ਿਆਦਾ ਵੱਡਾ ਚੱਕਰ ਬਣਦਾ ਹੈ ?__________

  ਕੀ ਤੁਸੀਂ ਦੱਸ ਸਕਦੇ ਹੋ ਕਿਉਂ ?





* ਸਭ ਤੋਂ ਛੋਟੇ ਗੋਲੇ ਦਾ ਅਰਧ ਵਿਆਸ ਕਿੰਨਾ ਲੰਬਾ ਹੈ ?__________


ਇਸ ਅਭਿਆਸ ਦਾ ਉਦੇਸ਼ ਹੈ ਕਿ ਬੱਚੇ ਵੱਖ-ਵੱਖ ਅਕਾਰ ਦੇ ਚੱਕਰ ਬਣਾਉਣ, ਉਹਨਾਂ ਦੇ ਅਰਧ-ਵਿਆਸ ਦੀ ਲੰਬਾਈ ਨਾਪੋ ਅਤੇ ਇਹ ਵੇਖੋ ਕਿ ਅਰਧ ਵਿਆਸ ਦੀ ਲੰਬਾਈ ਬਦਲਣ ਨਾਲ ਚੱਕਰ ਦਾ ਆਕਾਰ ਕਿਵੇਂ ਬਦਲਦਾ ਹੈ।

* ਸਕੇਲ (ਫੁੱਟੇ) ਨਾਲ ਇਸ ਵੰਗ ਦਾ ਅਰਧ ਵਿਆਸ ਬਣਾਓ।
  ਇਸਦੀ ਲੰਬਾਈ ਵੀ ਨਾਪੋ।



ਹੁਣ, ਵੇਖੋ ਤੁਹਾਡੇ ਦੋਸਤਾਂ ਨੇ ਕੀ ਬਣਾਇਆ ਹੈ। ਚਿੱਤਰ ਵੇਖੋ। ਉਹਨਾਂ ਤੋਂ ਉਹਨਾਂ ਦੁਆਰਾ ਨਾਪੀ ਗਈ ਅਰਧ ਵਿਆਸਾਂ ਦੀ ਲੰਬਾਈ ਵੀ ਪੁੱਛੋ। ਕੀ ਸਾਰੇ ਅਰਧ ਵਿਆਸਾਂ ਦੀ ਲੰਬਾਈ ਬਰਾਬਰ ਹੈ ?

* ਹੇਠਾਂ ਦਿੱਤੇ ਚੱਕਰਾਂ ਦੇ ਅਰਧ ਵਿਆਸ ਬਣਾਓ।
  ਹੁਣ ਅੰਦਾਜ਼ਾ ਲਗਾਓ ਕਿ ਕਿਸ ਚੱਕਰ ਦਾ ਅਰਧਵਿਆਸ ਵੱਡਾ ਹੈ ? ________



ਦੋਵਾਂ ਚੱਕਰਾਂ ਦੇ ਅਰਧ ਵਿਆਸ ਫੁੱਟੇ ਨਾਲ ਨਾਪੋ।
ਉਹਨਾਂ ਦੇ ਅਰਧ-ਵਿਆਸ ਦੀ ਲੰਬਾਈ ਲਿਖੋ।

* ਹਰੇ ਰੰਗ ਦੇ ਚੱਕਰ ਦਾ ਅਰਧ ਵਿਆਸ ________
* ਨੀਲੇ ਰੰਗ ਦੇ ਚੱਕਰ ਦਾ ਅਰਧ ਵਿਆਸ ________

**ਪਤਾ ਕਰੋ**

* ਸਾਇਕਲ ਦੇ ਪਹੀਏ ਜਾਂ ਬੈਲਗੱਡੀ ਦੇ ਪਹੀਏ ਦਾ ਅਰਧ ਵਿਆਸ ਨਾਪੋ।
  ਤੁਸੀਂ ਇਸਨੂੰ ਧਾਗੇ ਜਾਂ ਟੇਪ ਦੀ ਮਦਦ ਨਾਲ ਨਾਪ ਸਕਦੇ ਹੋ।
  ਕੀ ਇਹਨਾਂ ਦੋਵੇਂ ਪਹੀਏ ਦਾ ਅਰਧ ਵਿਆਸ ਬਰਾਬਰ ਹੈ ? ________
* ਕੀ ਤੁਸੀਂ ਟਰੈਕਟਰ ਵੇਖਿਆ ਹੈ ?
* ਤੁਸੀਂ ਸਭ ਤੋਂ ਵੱਡਾ ਪਹੀਆ ਕਿਹੜਾ ਵੇਖਿਆ ਹੈ ?
* ਕੀ ਟਰੈਕਟਰ ਦੇ ਸਾਰੇ ਪਹੀਆਂ ਦਾ ਅਰਧ ਵਿਆਸ ਬਰਾਬਰ ਹੁੰਦਾ ਹੈ ?


ਬੱਚਿਆਂ ਦੇ ਵੱਖ-ਵੱਖ ਤਰਾਂ ਦੇ ਚੱਕਰਾਂ ਦੇ ਅਰਧ ਵਿਆਸ ਬਣਾਉਣ ਅਤੇ ਉਹਨਾਂ ਨੂੰ ਨਾਪਣ ਦੇ ਕਈ ਰੋਚਕ ਅਭਿਆਸ ਜਰੂਰੀ ਹਨ। ਉਹ ਪਹੀਏ, ਸੀ. ਡੀ., ਡਿਸਕ ਅਤੇ ਗੱਡੀਆਂ ਵੀ ਬਣਾ ਸਕਦੇ ਹਨ।


* ਕਾਲੀ ਅਤੇ ਲਾਲੀ ਰੱਸੀ ਨਾਲ ਖੰਭੇ ਨਾਲ ਬੰਨੀਆਂ ਹੋਈਆ ਹਨ। ਕਾਲੀ ਦੀ ਰੱਸੀ ਜਿਆਦਾ ਲੰਬੀ ਹੈ। ਦੋਵਾਂ ਵਿਚੋਂ ਕੌਣ ਜ਼ਿਆਦਾ ਦੂਰੀ ਤੱਕ ਦੀ ਘਾਹ ਖਾ ਸਕਦੀ ਹੈ ? ________




## ਦਲਜੀਤ ਦੇ ਡਿਜ਼ਾਇਨ


ਦਲਜੀਤ ਨੇ 'ਪਰਕਾਰ' ਦੀ ਮਦਦ ਨਾਲ ਇਹ ਡਿਜ਼ਾਇਨ ਬਣਾਏ ਹਨ।








ਉਸਦੀ ਭੈਣ ਆਈ ਅਤੇ ਉਸਦੇ ਨਾਲ ਮਿਲਕੇ ਹੋਰ ਜ਼ਿਆਦਾ ਡਿਜ਼ਾਇਨ ਬਣਾਉਣ ਲੱਗੀ।



ਕੀ ਤੁਸੀਂ ਅਜਿਹੇ ਡਿਜ਼ਾਇਨ ਬਣਾਉਣਾ ਚਾਹੁੰਦੇ ਹੋ ?

ਅਜਿਹੇ ਡਿਜ਼ਾਇਨ ਬਣਾਉਣ ਲਈ ਤੁਹਾਨੂੰ 'ਪਰਕਾਰ' ਦੀ ਜ਼ਰੂਰਤ ਹੈ।





## 'ਪਰਕਾਰ' ਦੀ ਵਰਤੋਂ


* ਕੀ ਤੁਸੀਂ ਪਹਿਲਾਂ ਕਦੀ ਪਰਕਾਰ ਦੇਖੀ ਹੈ ?ਤੁਸੀਂ ਚੱਕਰ ਬਣਾਉਣ ਦੇ ਲਈ ਇਸਦਾ ਪ੍ਰਯੋਗ ਕਿਵੇਂ ਕਰੋਗੇ ?
  - ਆਪਣੀ ਪਰਕਾਰ ਨੂੰ ਖੋਲੋ।
  - ਪਰਕਾਰ ਦੇ ਨੁਕੀਲੇ ਸਿਰੇ ਨੂੰ ਕਾਗਜ਼ 'ਤੇ ਰੱਖੋ। ਪਰਕਾਰ ਨੂੰ ਉੱਪਰ ਤੋਂ ਫੜੋ।
  - ਨੁਕੀਲੇ ਸਿਰੇ ਨੂੰ ਹਿਲਾਏ ਬਿਨਾ, ਪੈਂਨਸਿਲ ਨੂੰ ਗੋਲ ਘੁਮਾਉਣ ਦੀ ਕੋਸ਼ਿਸ਼ ਕਰੋ।
  - ਕੀ ਤੁਸੀਂ ਚੱਕਰ ਬਣਾ ਸਕੇ ?

ਉਸ ਨਿਸ਼ਾਨ ਨੂੰ ਲੱਭੋ ਜਿੱਥੇ ਤੁਸੀਂ ਪਰਕਾਰ ਦੇ ਨੁਕੀਲੇ ਸਿਰੇ ਨੂੰ ਰੱਖਿਆ ਸੀ।


ਇਹੋ ਨਿਸ਼ਾਨ ਤੁਹਾਡੇ ਚੱਕਰ ਦਾ ਕੇਂਦਰ ਹੈ।

* ਕੀ ਇਹ ਚੱਕਰ ਉਸ ਚੱਕਰ ਤੋਂ ਵਧੀਆ ਹੈ ਜੋ ਤੁਸੀਂ ਬਿਨਾ ਪਰਕਾਰ ਦੀ ਵਰਤੋਂ ਕੀਤੇ ਬਣਾਇਆ ਸੀ ?ਇਸ ਚੱਕਰ ਦਾ ਅਰਧ ਵਿਆਸ ਬਣਾਓ ਅਤੇ ਉਸਦੀ ਲੰਬਾਈ ਨਾਪੋ।
* ਹੁਣ ਤੁਸੀਂ ਦਲਜੀਤ ਦੀ ਤਰਾਂ ਆਪਣੇ ਡਿਜ਼ਾਇਨ ਬਣਾਉਣ ਦੀ ਕੋਸ਼ਿਸ਼ ਕਰੋ। ਤੁਸੀਂ ਕਿੰਨੇ ਡਿਜ਼ਾਇਨ ਬਣਾਏ ?

ਅੰਦਾਜ਼ਾਂ ਲਗਾਓ ਕਿ ਇਹ ਡਿਜ਼ਾਇਨ ਕਿਵੇਂ ਬਣਾਇਆ ਗਿਆ।ਪਰਕਾਰ ਦੀ ਮਦਦ ਨਾਲ ਅਜਿਹਾ ਹੀ ਡਿਜ਼ਾਇਨ ਹੇਠਾਂ ਦਿੱਤੇ ਗਏ ਡੱਬੇ ਵਿੱਚ ਬਣਾਓ।



ਬੱਚਿਆਂ ਨੂੰ ਪਰਕਾਰ ਦੀ ਮਦਦ ਨਾਲ ਆਪਣੇ ਡਿਜ਼ਾਇਨ ਬਣਾਉਣ ਲਈ ਉਤਸ਼ਾਹਿਤ ਕਰੋ। ਇਸ ਤਰ੍ਹਾਂ ਉਹਨਾਂ ਨੂੰ ਪਰਕਾਰ ਦੀ ਮਦਦ ਨਾਲ ਚੱਕਰ ਬਣਾਉਣ ਦਾ ਰੋਚਕ ਅਭਿਆਸ ਵੀ ਹੋਵੇਗਾ।



ਕੀ ਇਹ ਇੱਕ ਚੱਕਰ ਹੈ ?

ਨੈਨਾ ਇੱਕ ਚੱਕਰ ਬਣਾ ਰਹੀ ਸੀ।



ਰਵੀ ਨੇ ਉਸ ਤੋਂ ਰਬੜ ਮੰਗੀ।ਉਸਨੇ ਆਪਣੀ ਪਰਕਾਰ ਰੱਖੀ ਅਤੇ ਰਬੜ ਦੇ ਦਿੱਤੀ। ਹੁਣ ਉਹ ਫਿਰ ਚੱਕਰ ਬਣਾਉਣ ਲਗੀ। ਪਰ ਉਸਦਾ ਚੱਕਰ ਅਜਿਹਾ ਬਣਿਆ।

**ਸੋਚੋ**

* ਨੈਨਾ ਦੀ ਬਣਾਈ ਆਕ੍ਰਿਤੀ ਅਜਿਹੀ ਕਿਉਂ ਬਣੀ ? ਗੱਲਬਾਤ ਕਰੋ।

ਕੀ ਇੱਕ ਚੱਕਰ ਦੇ ਇੱਕ ਤੋਂ ਜ਼ਿਆਦਾ ਕੇਂਦਰ ਹੋ ਸਕਦੇ ਹਨ ?



ਦੂਸਰੇ ਦਿਨ ਨੈਨਾ ਪਰਕਾਰ ਦੀ ਮਦਦ ਨਾਲ ਇੱਕ ਚੱਕਰ ਬਣਾ ਰਹੀ ਸੀ ਪਰ ਇਹ ਕੁੱਝ ਅਜਿਹਾ ਬਣ ਗਿਆ।


* ਕੀ ਤੁਹਾਡੇ ਵਿੱਚੋਂ ਕਿਸੇ ਦੀ ਆਕ੍ਰਿਤੀ ਨੈਨਾ ਦੁਆਰਾ (ਵੱਲੋਂ) ਬਣਾਈ ਗਈ ਆਕ੍ਰਿਤੀ ਵਰਗੀ ਬਣੀ ਹੈ ?




## ਕੇਂਦਰ ਨੂੰ ਲੱਭੋ

ਸਾਦਿਕ ਅਤੇ ਅਮੀਨਾ ਆਪਣਾ-ਆਪਣਾ ਚੱਕਰ ਬਣਾਉਣਾ ਚਾਹੁੰਦੇ ਹਨ ?




ਫਿਰ ਉਹਨਾਂ ਨੇ ਆਪਣੇ ਚੱਕਰ ਕੱਟੇ।




ਉਸਨੇ ਆਪਣੇ ਗੋਲੇ ਨੂੰ ਮੋੜ ਕੇ ਅੱਧਾ ਕਰ ਦਿੱਤਾ।



ਫਿਰ ਦੁਬਾਰਾ ਉਸਨੇ ਕੁੱਝ ਇਸ ਤਰ੍ਹਾਂ ਮੋੜ ਦਿੱਤਾ।



ਉਸਨੇ ਮੁੜਿਆ ਹੋਇਆ ਚੱਕਰ ਖੋਲਿਆ।








* ਹੁਣ ਤੁਸੀਂ ਵੰਗ ਦੀ ਮਦਦ ਨਾਲ ਕਾਗਜ 'ਤੇ ਇੱਕ ਚੱਕਰ ਬਣਾਓ, ਇਸ ਨੂੰ ਕੱਟੋ ਅਤੇ ਸਮੀਨਾ ਦੇ ਤਰੀਕੇ ਨਾਲ ਇਸਦਾ ਕੇਂਦਰ ਲੱਭੋ।

ਅਸੀਂ ਪੇਜ 88 'ਤੇ ਦਿੱਤੇ ਗਏ ਡਿਜ਼ਾਇਨ ਨੂੰ ਇਸ ਤਰੀਕੇ ਨਾਲ ਵੀ ਬਣਾ ਸਕਦੇ ਹਾਂ। ਤੁਸੀਂ ਕਿਵੇਂ ਬਣਾਇਆ ?



## ਸੰਤੁਲਨ ਕਰਨਾ

ਕੀ ਤੁਸੀਂ ਇੱਕ ਪਲੇਟ ਨੂੰ ਆਪਨੀ ਉਂਗਲੀ 'ਤੇ ਟਿਕਾ ਸਕਦੇ ਹੋ ?




ਤੁਸੀਂ ਵੀ ਪਲੇਟ ਨੂੰ ਉਂਗਲੀ 'ਤੇ ਟਿਕਾਉਣ ਦੀ ਕੋਸ਼ਿਸ਼ ਕਰੋ। ਵੇਖੋ, ਉਂਗਲੀ 'ਤੇ ਕਿੱਥੇ ਟਿਕੇਗੀ ?

## (ਲਾਟੂ) ਲੱਟੂ ਨੂੰ ਘੁਮਾਓ




ਜਾਕਿਰ, ਅੱਪੂ, ਨੈਨਾ ਅਤੇ ਗੁੱਡੂ ਬੋਰ ਹੋ ਰਹੇ ਸੀ। ਬਾਹਰ ਬਾਰਿਸ਼ (ਬਰਸਾਤ) ਹੋ ਰਹੀ ਸੀ। ਇਸ ਲਈ ਉਹ ਬਾਹਰ ਖੇਡਣ ਵੀ ਨਹੀਂ ਜਾ ਸਕਦੇ ਸੀ।

ਅਚਾਨਕ ਅੱਪੂ ਦੇ ਦਿਮਾਗ ਵਿੱਚ ਇੱਕ ਵਿਚਾਰ ਆਇਆ–ਚਲੋ, ਅਸੀਂ ਹੁਣ ਆਪਣਾ ਆਪਣਾ ਲੱਟੂ ਬਣਾਉਂਦੇ ਹਾਂ। ਉਹਨਾਂ ਨੇ ਗੱਤੇ ਦਾ ਇੱਕ ਟੁੱਕੜਾ ਲਿਆ, ਉਸਤੇ ਇੱਕ ਚੱਕਰ ਬਣਾਇਆ। ਉਸ ਵਿੱਚ ਮੋਰੀ ਕਰਕੇ ਮਾਚਿਸ ਦੀ ਤੀਲੀ ਲਾ ਦਿੱਤੀ।



ਹੁਣ ਸਾਰੇ ਆਪਣਾ ਆਪਣਾ ਲੱਟੂ ਘੁਮਾਉਣ ਲਈ ਬੇਚੈਨ ਸਨ। ਉਹਨਾਂ ਦੇ ਲੱਟੂ ਕੁੱਝ ਅਜਿਹੇ ਲੱਗ ਰਹੇ ਸੀ।



ਜਾਕਿਰ ਅੱਪੂ ਨੈਨਾ ਗੁੱਡੂ

## ਸੋਚੋ

- ਕਿਸਦਾ ਲੱਟੂ ਬਿਲਕੁਲ ਨਹੀਂ ਘੁੰਮੇਗਾ ? ________
- ਕਿਸਦਾ ਲੱਟੂ ਥੋੜਾ ਜਿਹਾ ਘੁੰਮੇਗਾ ? ________
- ਕਿਸਦਾ ਲੱਟੂ ਸਭ ਤੋਂ ਚੰਗਾ ਘੁੰਮੇਗਾ ? ________
- ਕਿਸ ਲੱਟੂ ਦੀ ਤੀਲੀ ਕੇਂਦਰ ਦੇ ਨੇੜੇ ਹੈ ? ________

### ਆਪਣਾ ਲੱਟੂ ਆਪ ਬਣਾਓ

ਤੁਸੀਂ ਵੀ ਆਪਣਾ ਲੱਟੂ ਬਣਾ ਸਕਦੇ ਹੋ ਅਤੇ ਉਸਦੇ ਨਾਲ ਖੇਡ ਸਕਦੇ ਹੋ।

- ਲੱਟੂ ਠੀਕ ਤਰ੍ਹਾਂ ਘੁੰਮੇ ਇਸ ਲਈ ਇਸ ਵਿੱਚ ਮੋਰੀ ਕਿੱਥੇ ਕਰਨੀ ਪਵੇਗੀ ?

# 9 ਅੱਧਾ ਅਤੇ ਚੌਥਾ ਹਿੱਸਾ

ਮਿੱਟੂ ਬਿੱਲੀ ਅਤੇ ਮੋਟੂ ਬਿੱਲੀ ਦੋਸਤ ਸਨ। ਇੱਕ ਦਿਨ ਉਹਨਾਂ ਨੇ ਮਾਲਿਨੀ ਦੀ ਰਸੋਈ ਵਿਚੋਂ ਰੋਟੀ ਚੋਰੀ ਕੀਤੀ। ਇਸ ਨੂੰ ਮੈਂ ਲਵਾਂਗਾ–ਮਿੱਟੂ ਨੇ ਕਿਹਾ। ਨਹੀਂ, ਇਸ ਨੂੰ ਮੈਂ ਲਵਾਂਗੀ–ਮੋਟੂ ਨੇ ਕਿਹਾ। ਜਦੋਂ ਉਹ ਦੋਵੇਂ ਲੜ ਰਹੇ ਸਨ ਤਾਂ ਉਥੇ ਟੀਟੂ ਬਾਂਦਰ ਆਇਆ। ਓਏ! ਲੜ ਕਿਉਂ ਰਹੇ ਹੋ ?ਕੀ ਗੱਲ (ਮਸਲਾ) ਹੈ?–ਉਸਨੇ ਬਿੱਲੀਆਂ ਨੂੰ ਪੁੱਛਿਆ। ਬਿੱਲੀਆਂ ਨੇ ਕਿਹਾ– ਅਸੀਂ ਸਮਝ ਨਹੀਂ ਰਹੇ ਕਿ ਇਸ ਰੋਟੀ ਨੂੰ ਅਸੀਂ ਦੋਵੇਂ ਕਿਵੇਂ ਵੰਡੀਏ। ਤਾਂ ਟੀਟੂ ਨੇ ਕਿਹਾ– ਅੱਛਾ ਚਿੰਤਾ ਨਾ ਕਰੋ, ਮੈਂ ਇਸ ਰੋਟੀ ਨੂੰ ਤੁਹਾਡੇ ਦੋਵਾਂ ਵਿੱਚ ਵੰਡ ਦੇਵਾਂਗਾ। ਚਲਾਕ ਟੀਟੂ ਨੇ ਰੋਟੀ ਨੂੰ ਕੁੱਝ ਇਸ ਤਰਾਂ ਵੰਡਿਆ–



ਇਹ ਬਰਾਬਰ ਨਹੀਂ ਹੈ, ਖੱਬਾ ਭਾਗ ਜਿਆਦਾ ਹੈ–ਮਿੱਟੂ ਅਤੇ ਮੋਟੂ ਨੇ ਕਿਹਾ। ਓਹ! ਕੋਈ ਗੱਲ ਨਹੀਂ ਮੈਂ ਇਸ ਨੂੰ ਬਰਾਬਰ ਕਰ ਦੇਵਾਂਗਾ– ਕਹਿ ਕੇ ਟੀਟੂ ਨੇ ਖੱਬੇ ਪਾਸਿਓਂ ਕੁੱਝ ਹਿੱਸਾ ਤੋੜਿਆ ਤੇ ਇੱਕ ਟੁੱਕੜਾ ਖਾ ਗਿਆ।





ਓਏ! ਹੁਣ ਸੱਜਾ ਹਿੱਸਾ ਜ਼ਿਆਦਾ ਵੱਡਾ ਹੈ– ਬਿੱਲੀਆਂ ਨੇ ਚੀਖ ਕੇ ਕਿਹਾ। "ਮੈਨੂੰ ਮਾਫ਼ ਕਰਨਾ।" ਅਜਿਹਾ ਕਹਿ ਕੇ ਟੀਟੂ ਨੇ ਸੱਜਾ ਹਿੱਸਾ ਤੋੜਿਆ ਅਤੇ ਖਾ ਲਿਆ। ਜਦੋਂ ਉਸਦੇ ਕੋਲ ਇੱਕ ਛੋਟਾ ਟੁੱਕੜਾ ਬਚਿਆ ਤੇ ਉਸਨੇ ਕਿਹਾ, ਇਹ ਮੇਰੇ ਕੰਮ ਦਾ ਮਿਹਨਤਾਨਾ ਹੈ–ਟੀਟੂ ਨੇ ਜਲਦੀ–ਜਲਦੀ ਬਚਿਆ ਹੋਇਆ ਟੁੱਕੜਾ ਵੀ ਖਾ ਲਿਆ 'ਤੇ ਰੁੱਖ ਤੇ ਚੜ੍ਹ ਗਿਆ।

## ਅੱਧਾ-ਅੱਧਾ

- ਜੇ ਬਿੱਲੀਆਂ ਤੁਹਾਨੂੰ ਕਹਿਣ ਕਿ ਰੋਟੀ ਨੂੰ ਦੋ ਬਰਾਬਰ ਹਿੱਸਿਆ ਵਿੱਚ ਵੰਡ ਦਿਓ, ਤਾਂ ਤੁਸੀਂ ਉਸ ਨੂੰ ਕਿਵੇਂ ਵੰਡੋਗੇ ?

ਜੇਕਰ ਤੁਸੀਂ ਟੀਟੂ ਦੀ ਤਰਾਂ ਚਲਾਕੀ ਨਾ ਕਰੋ ਤੇ ਬਿੱਲੀਆਂ ਨੂੰ ਕੁੱਝ ਇਸ ਤਰ੍ਹਾਂ ਹਿੱਸਾ ਮਿਲੇਗਾ।




## ਅੱਧੇ ਦਾ ਅੱਧਾ

- ਜੇਕਰ ਦੋ ਬਿੱਲੀਆਂ ਹੋਰ ਆ ਜਾਣ ਅਤੇ ਖਾਣਾ ਮੰਗਣ ਤਾਂ ਤੁਸੀਂ ਇੱਕ ਰੋਟੀ ਨੂੰ ਚਾਰਾਂ ਵਿੱਚ ਬਰਾਬਰ ਕਿਵੇਂ ਵੰਡੋਗੇ ?




## ਕਈ ਟੁੱਕੜਿਆਂ ਦੇ ਅੱਧੇ



ਰਾਣੀ ਨੂੰ ਇੱਕ ਚਾਕਲੇਟ ਮਿਲੀ। ਉਸਨੇ ਉਸਨੂੰ ਬਰਾਬਰ ਵੰਡਿਆ ਅਤੇ ਅੱਧਾ ਆਪਣੀ ਦੋਸਤ ਰੀਨਾ ਨੂੰ ਦੇ ਦਿੱਤਾ।

- ਉਸ ਹਿੱਸੇ 'ਤੇ ਘੇਰਾ ਬਣਾਓ ਜੋ ਰੀਨਾ ਨੂੰ ਮਿਲਿਆ।

ਚਾਕਲੇਟ ਦੇ ਕਿੰਨੇ ਟੁੱਕੜੇ ਹਨ ? ________

ਰਾਣੀ ਕੋਲ ਕਿੰਨੇ ਟੁੱਕੜੇ ਬਚੇ ਹਨ ? ________





ਅੱਧੇ ਪੰਨੇ ਦੀਆਂ ਬਹੁਤ ਸਾਰੀਆਂ ਆਕ੍ਰਿਤੀਆਂ

ਇਕ ਪੰਨਾ ਲਓ । ਉਸਨੂੰ ਦੋ ਬਰਾਬਰ ਤਿਕੋਣਾਂ ਵਿੱਚ ਕੱਟੋ ਤਾਂ ਕਿ ਹਰੇਕ ਤਿਕੋਣ ਅੱਧੇ ਪੰਨੇ ਦੇ ਬਰਾਬਰ ਹੋਵੇ ।

ਦੋਵਾਂ ਤਿਕੋਣਾਂ ਨੂੰ ਵੱਖ-ਵੱਖ ਰੰਗਾਂ ਨਾਲ ਭਰ ਦਿਓ ।

- ਹੁਣ ਇਹਨਾਂ ਤਿਕੋਣਾਂ ਦੀਆਂ ਵੱਖ-ਵੱਖ ਆਕ੍ਰਿਤੀਆਂ ਬਣਾਓ । ਹੇਠਾਂ ਇੱਕ ਅਜਿਹੀ ਆਕ੍ਰਿਤੀ ਦਿਖਾਈ ਗਈ ਹੈ ।



ਅੱਧਾ ਕਰਨ ਦੇ ਬਹੁਤ ਸਾਰੇ ਤਰੀਕੇ ।




ਤੁਸੀਂ ਕਿੰਨੇ ਵੱਖ-ਵੱਖ ਤਰੀਕਿਆਂ ਨਾਲ ਆਇਤ ਦੇ ਅੱਧੇ ਭਾਗ ਕਰ ਸਕਦੇ ਹੋ ?

- ਪੰਜ ਵੱਖ-ਵੱਖ ਤਰੀਕਿਆਂ ਨਾਲ ਇੱਥੇ ਬਣਾ ਕੇ ਦਿਖਾਓ।

ਕੀ ਤੁਸੀਂ ਪਤਾ ਕਰ ਸਕਦੇ ਹੋ ਕਿ ਇਹ ਬਰਾਬਰ ਹਨ ਜਾਂ ਨਹੀਂ ?

## ਚੌਥਾ ਹਿੱਸਾ ਕਰਨ ਦੇ ਕਈ ਤਰੀਕੇ





- ਇੱਕ ਆਇਤ ਨੂੰ ਤੁਸੀਂ ਕਿਵੇਂ ਵੱਖ-ਵੱਖ ਤਰੀਕਿਆਂ ਨਾਲ ਚਾਰ ਬਰਾਬਰ ਭਾਗਾਂ ਵਿੱਚ ਵੰਡ ਸਕਦੇ ਹੋ ?5 ਵੱਖ-ਵੱਖ ਤਰੀਕੇ ਇੱਥੇ ਬਣਾ ਕੇ ਦਿਖਾਓ।

ਕੀ ਤੁਸੀਂ ਪਤਾ ਕਰ ਸਕਦੇ ਹੋ ਕਿ ਇਹ ਬਰਾਬਰ ਹਨ ?


## ਕੇਕ ਨੂੰ ਕੱਟ

ਰਜਨੀ ਦੇ ਪਿਤਾ ਜੀ ਇੱਕ ਕੇਕ ਲਿਆਏ। ਰਜਨੀ ਨੇ ਕੇਕ ਨੂੰ ਚਾਰ ਬਰਾਬਰ ਹਿੱਸਿਆਂ ਵਿੱਚ ਵੰਡ ਦਿੱਤਾ-ਆਪਣੇ ਲਈ, ਆਪਣੇ ਭਰਾ ਰਾਜੂ ਦੇ ਲਈ, ਆਪਣੀ ਮਾਂ ਅਤੇ ਪਿਤਾ ਜੀ ਲਈ।






- ਹਰ ਹਿੱਸੇ ਵਿੱਚ ਅੱਡ-ਅੱਡ ਰੰਗ ਭਰੋ।
- ਹਰ ਇੱਕ ਨੂੰ ਕਿੰਨਾ ਮਿਲਿਆ ?________
- ਮਾਂ ਨੇ ਆਪਣਾ ਹਿੱਸਾ ਰਜਨੀ ਨੂੰ ਦੇ ਦਿੱਤਾ। ਹੁਣ ਉਸ ਕੁੱਲ ਭਾਗ ਵਿੱਚ ਰੰਗ ਭਰੋ ਜੋ ਰਜਨੀ ਨੂੰ ਮਿਲੇਗਾ।




- 4 ਭਾਗਾਂ ਵਿਚੋਂ ਰਜਨੀ ਨੂੰ _____ ਭਾਗ ਮਿਲਣਗੇ, ਜੋ ਕਿ ਕੇਕ ਦਾ ਅੱਧਾ ਹਿੱਸਾ ਹੋਵੇਗਾ।

  ਇਸ ਲਈ ਉਹ ਇਸਨੂੰ ਲਿਖੇਗੀ $\frac{\ }{4}$ ਜਾਂ $\frac{1}{2}$। ਮਾਂ ਦੇ ਹਿੱਸੇ ਦਾ ਕੇਕ ਮਿਲਣ ਤੋਂ ਪਹਿਲਾਂ ਰਜਨੀ ਦੇ ਕੋਲ ਅੱਧੇ ਕੇਕ ਦਾ $\frac{1}{2}$ ਭਾਗ ਸੀ। ਇਹ ਹਿੱਸਾ ਪੂਰੇ ਕੇਕ ਦਾ $\frac{1}{4}$ ਭਾਗ ਸੀ।



- ਰਾਜੂ ਦੇ ਹਿੱਸੇ ਵਿੱਚ ਰੰਗ ਭਰੋ।
- ਰਜਨੀ ਅਤੇ ਰਾਜੂ ਨੂੰ ਕੁੱਲ ਮਿਲਾ ਕੇ ਕਿੰਨਾ ਕੇਕ ਮਿਲਿਆ ? ਉਹਨਾਂ ਦੇ ਹਿੱਸੇ ਵਿੱਚ ਰੰਗ ਭਰੋ।

  ਕੁੱਲ ਮਿਲਾ ਕੇ ਉਹਨਾਂ ਨੂੰ 4 ਵਿਚੋਂ 3 ਭਾਗ ਮਿਲੇ, ਇਸ ਲਈ ਅਸੀਂ ਇਸ ਨੂੰ ਲਿਖ ਸਕਦੇ ਹਾਂ $\frac{3}{4}$।



## ਲਾਲਚੀ ਕੁੰਦੂ

ਕੁੰਦੂ ਇੱਕ ਲਾਲਚੀ ਆਦਮੀ ਹੈ। ਉਹ ਜਦੋਂ ਵੀ ਬਾਜ਼ਾਰ ਜਾਂਦਾ ਹੈ, ਉਹ ਚੀਜ਼ਾਂ ਤਾਂ ਵੱਧ ਤੋਂ ਵੱਧ ਚਾਹੁੰਦਾ ਹੈ ਪਰ ਜ਼ਿਆਦਾ ਖਰਚ ਨਹੀਂ ਕਰਨਾ ਚਾਹੁੰਦਾ।

ਇੱਕ ਦਿਨ ਉਸਦੀ ਇੱਛਾ ਕੱਦੂ ਦਾ ਹਲਵਾ ਖਾਣ ਦੀ ਹੋਈ। ਉਸਨੇ ਸਿਰਫ਼ ਦਸ ਰੁਪਏ ਵਿੱਚ ਇੱਕ ਵੱਡਾ ਕੱਦੂ ਖਰੀਦਣ ਦੀ ਕੋਸ਼ਿਸ਼ ਕੀਤੀ। ਉਹ ਬਜ਼ਾਰ ਗਿਆ ਅਤੇ ਪਹਿਲੀ ਕੱਦੂ ਵੇਚਣ ਵਾਲੀ ਦੁਕਾਨਦਾਰ ਤੋਂ ਵੱਡੇ ਕੱਦੂ ਦਾ ਭਾਅ ਪੁੱਛਿਆ।

ਕੱਦੂ ਵੇਚਣ ਵਾਲੀ—ਇਸ ਕੱਦੂ ਦੇ $\frac{1}{4}$ ਦੀ ਕੀਮਤ 10 ਰੁਪਏ ਹੈ।

- ਪੂਰੇ ਕੱਦੂ ਦੀ ਕੀਮਤ ਹੋਏਗੀ __________ ਰੁਪਏ

| | | |
|---|---|---|
| ਕੱਦੂ | — | ਓਏ! ਦਸ ਰੁਪਏ ਵਿੱਚ ਤਾਂ ਅੱਧਾ ਕੱਦੂ ਮਿਲਣਾ ਚਾਹੀਦਾ ਹੈ। |
| ਕੱਦੂ ਵੇਚਣ ਵਾਲੀ | — | ਫਿਰ ਤੁਸੀਂ ਅਗਲੇ ਦੁਕਾਨਦਾਰ ਦੇ ਕੋਲ ਚਲੇ ਜਾਓ। ਉਹ ਤੁਹਾਨੂੰ ਕੱਦੂ 10 ਰੁਪਏ ਵਿੱਚ ਦੇ ਸਕਦਾ ਹੈ। ਮੈਂ ਸਿਰਫ਼ ਚੰਗੀ ਕਿਸਮ ਦੇ ਕੱਦੂ ਰੱਖਦੀ ਹਾਂ। |



ਕੁੰਦੂ ਦੂਸਰੇ ਵੇਚਣ ਵਾਲੇ ਕੋਲ ਗਿਆ ਅਤੇ ਉਸੇ ਅਕਾਰ ਦਾ ਕੱਦੂ ਦੇਖਿਆ।

ਕੁੰਦੂ — ਇਸ ਕੱਦੂ ਦਾ ਕਿੰਨਾ ਹਿੱਸਾ ਤੁਸੀਂ ਮੈਨੂੰ 10 ਰੁਪਏ ਵਿੱਚ ਦਿਓਗੇ ?

ਦੂਸਰਾ ਕੱਦੂ ਵੇਚਣ ਵਾਲਾ-ਅੱਧਾ

- ਪੂਰੇ ਕੱਦੂ ਦੀ ਕੀਮਤ ਹੋਏਗੀ __________ ਰੁਪਏ।

ਕੰਦੂ—ਭਾਈ ! ਇਸ ਕੀਮਤ ਵਿੱਚ $\frac{3}{4}$ ਕੱਦੂ ਮਿਲੇਗਾ ?

ਦੂਸਰਾ ਕੱਦੂ ਵੇਚਣ ਵਾਲਾ — ਭੱਜੋ ਇੱਥੋਂ ! ਜਾਓ ਦੂਜੀ ਦੁਕਾਨ 'ਤੇ ਜਾਓ। ਉਹ ਖਰਾਬ ਸਬਜ਼ੀਆਂ ਵੇਚਦਾ ਹੈ, ਉਹ ਤੁਹਾਨੂੰ ਇਸ ਆਕਾਰ ਦਾ ਪੂਰਾ ਕੱਦੂ 10 ਰੁਪਏ ਵਿੱਚ ਦੇ ਦੇਵੇਗਾ।

ਲਾਲਚੀ ਕੰਦੂ ਅਗਲੇ ਕੱਦੂ ਵੇਚਣ ਵਾਲੇ ਦੇ ਕੋਲ ਚਲਾ ਗਿਆ। ਉਸਨੇ ਉਸੇ ਅਕਾਰ ਦਾ ਕੱਦੂ ਦੇਖਿਆ ਅਤੇ ਉਸਨੇ ਪੁੱਛਿਆ- ਕੀ ਤੁਸੀਂ ਮੈਨੂੰ ਇਹ ਕੱਦੂ 10 ਰੁਪਏ ਵਿੱਚ ਦਿਓਗੇ ?



ਤੀਸਰਾ ਕੱਦੂ ਵੇਚਣ ਵਾਲਾ-ਤੁਸੀਂ ਕਿਉਂ ਨਹੀਂ ਸਾਹਮਣੇ ਵਾਲੀ ਛੱਤ 'ਤੇ ਚੜ੍ਹ ਜਾਂਦੇ। ਉੱਥੋਂ ਜਿੰਨੇ ਮਰਜ਼ੀ ਕੱਦੂ ਤੋੜ ਲਓ, ਮੁਫ਼ਤ ਵਿੱਚ।

ਕੰਦੂ ਬਹੁਤ ਖੁਸ਼ ਹੋਇਆ। ਉਹ ਉਸ ਘਰ ਦੀ ਛੱਤ 'ਤੇ ਚੜ੍ਹ ਗਿਆ ਅਤੇ ਫਿਰ .......

**ਭਾਅ ਸੂਚੀ ਦੀ ਵਰਤੋਂ**

| ਚੀਜ | ਭਾਅ ਰੁਪਇਆਂ ਵਿੱਚ (ਪ੍ਰਤੀ ਕਿਲੋ) |
|---|---|
| ਟਮਾਟਰ | 8 |
| ਆਲੂ | 12 |
| ਪਿਆਜ਼ | 10 |
| ਗਾਜਰ | 16 |
| ਕੱਦੂ | 4 |

(ੳ) $\frac{1}{2}$ ਕਿਲੋ ਟਮਾਟਰ ਦੀ ਕੀਮਤ ਕਿੰਨੀ ਹੋਵੇਗੀ ?

(ਅ) ਕਿਸਦੀ ਕੀਮਤ ਜਿਆਦਾ ਹੋਵੇਗੀ $\frac{1}{2}$ ਕਿਲੋ ਪਿਆਜ਼ ਜਾਂ $\frac{1}{4}$ ਕਿਲੋ ਗਾਜਰ ਦੀ ?

(ੲ) ¾ ਕਿਲੋ ਆਲੂ ਦੀ ਕੀਮਤ ਕੀ ਹੋਵੇਗੀ ?

(ਸ) ਕੀਰਤੀ ਬਜ਼ਾਰ ਵਿੱਚ ਖਰੀਦਾਰੀ ਕਰਨ ਜਾ ਰਹੀ ਹੈ। ਉਸਦੇ ਕੋਲ ਸਿਰਫ਼ 20 ਰੁਪਏ ਹਨ। ਕੀ ਇਹ ਸੂਚੀ ਵਿੱਚ ਲਿਖੀਆਂ ਸਭ ਚੀਜ਼ਾਂ ਖਰੀਦ ਸਕਦੀ ਹੈ ?





(ਹ) ਇਹ ਭਾਅ-ਸੂਚੀ ਨੂੰ ਵੇਖ ਕੇ ਤੁਸੀਂ ਦੋ ਪ੍ਰਸ਼ਨ ਆਪ ਤਿਆਰ ਕਰੋ।


1.

2.


## ਅਭਿਆਸ ਦਾ ਸਮਾਂ

(ੳ) ਪੂਰੇ ਦਾ ਕਿੰਨਾ ਭਾਗ ਰੰਗਿਆ ਹੋਇਆ ਹੈ। ਹਰੇਕ ਆਕ੍ਰਿਤੀ ਦੇ ਹੇਠਾਂ ਲਿਖੋ।







(ਅ) ਹਰ ਆਕ੍ਰਿਤੀ ਦੇ ਉਨੇ ਭਾਗ ਵਿੱਚ ਰੰਗ ਭਰੋ ਜਿੰਨਾ ਉਹਨਾਂ ਦੇ ਹੇਠਾਂ ਲਿਖਿਆ ਹੈ।




$\frac{1}{2}$




$\frac{3}{4}$




$\frac{3}{4}$



$\frac{1}{4}$




$\frac{1}{2}$




$\frac{3}{4}$

(ੲ) **ਅੱਧਾ ਕੱਟੋ**


ਇੱਕ ਰੇਖਾ ਖਿਚ ਕੇ ਹੇਠਾਂ ਦਿੱਤੀਆਂ ਹੋਈਆਂ ਆਕ੍ਰਿਤੀਆਂ ਨੂੰ ਅੱਧਾ ਕਰੋ।




(ਸ) ਅੱਧੀ ਆਕ੍ਰਿਤੀਆਂ ਵਿੱਚ ਰੰਗ ਭਰੋ, ਜਿਵੇਂ ਕਿ ਇੱਥੇ ਦਿਖਾਇਆ ਗਿਆ ਹੈ-



(ਹ) ਦਿੱਤੀਆਂ ਹੋਈਆਂ ਆਕ੍ਰਿਤੀਆਂ ਵਿੱਚ $\frac{1}{4}$ ਭਾਗ ਵਿੱਚ ਰੰਗ ਭਰੋ।




(ਕ) ਰੰਗੇ ਹੋਏ ਭਾਗ ਦਾ ਮਿਲਾਨ ਕਰੋ, ਜਿਵੇਂ ਕਿ ਦਿਖਾਇਆ ਗਿਆ ਹੈ-




(ਖ) ਦੂਸਰੇ ਅੱਧੇ ਹਿੱਸੇ ਨੂੰ ਬਣਾਓ-

ਹੇਠਾਂ $\frac{1}{2}$ ਚਿੱਤਰ ਦਿੱਤਾ ਗਿਆ ਹੈ। ਕੀ ਤੁਸੀਂ ਬਚੇ ਹੋਏ ਅੱਧੇ ਹਿੱਸੇ ਨੂੰ ਬਣਾ ਕੇ ਚਿੱਤਰ ਨੂੰ ਪੂਰਾ ਕਰ ਸਕਦੇ ਹੋ ?




(ਗ) ਇਹ ਚਿੱਤਰ ਦਾ ਚੌਥਾ ਭਾਗ ਹੈ। ਕੀ ਤੁਸੀਂ ਇਸਨੂੰ ਪੂਰਾ ਕਰ ਸਕਦੇ ਹੋ ? ਇਸਨੂੰ ਪੂਰਾ ਕਰਨ ਦੇ ਲਈ ਤੁਹਾਨੂੰ ਕਿੰਨੇ ਚੌਥਾਈ ਦੀ ਜਰੂਰਤ ਪਵੇਗੀ ?



**ਇਕ ਮੀਟਰ ਦਾ ਅੱਧਾ ਅਤੇ ਚੌਥਾਈ**

- -ਆਪਣੇ ਮੀਟਰ ਫੁੱਟੇ ਦੇ ਸਹਾਰੇ ਇੱਕ ਮੀਟਰ ਲੰਬੀ ਰੱਸੀ ਕੱਟੋ। ਇਸ 'ਤੇ $\frac{1}{2}$ ਮੀਟਰ, $\frac{1}{4}$ ਮੀਟਰ ਅਤੇ $\frac{3}{4}$ ਮੀਟਰ 'ਤੇ ਨਿਸ਼ਾਨ ਲਗਾਓ।
- ਆਪਣੀ ਰੱਸੀ ਦੀ ਮਦਦ ਨਾਲ ਜਮੀਨ 'ਤੇ $\frac{1}{2}$ ਮੀਟਰ ਲੰਬੀ ਰੇਖਾ ਖਿੱਚੋ। ਇਹ ਰੇਖਾ ਕਿੰਨੇ ਸੈਂਟੀਮੀਟਰ ਲੰਬੀ ਹੈ ? ____________



## ਹੁਣ ਦੱਸੋ

$\frac{1}{2}$ ਮੀਟਰ= ......... ਸਮ

$\frac{1}{4}$ ਮੀਟਰ= ......... ਸਮ

$\frac{3}{4}$ ਮੀਟਰ= ......... ਸਮ

ਤੁਸੀਂ ਵੇਖ ਸਕਦੇ ਹੋ ਕਿ ਜਦੋਂ ਅਸੀਂ $\frac{1}{2}$ ਅਤੇ $\frac{1}{4}$ ਜੋੜਦੇ ਹਾਂ ਤਾਂ ਸਾਨੂੰ $\frac{3}{4}$ ਮਿਲਦਾ ਹੈ।

## ਦੁੱਧ ਨੂੰ ਵੰਡੋ

ਇਹ ਬੋਤਲ ਇੱਕ ਲੀਟਰ ਦੁੱਧ ਨਾਲ ਭਰੀ ਹੈ। ਇਹ ਦੁੱਧ ਬਾਕੀ 4 ਬੋਤਲਾਂ ਵਿੱਚ ਇਸ ਤਰ੍ਹਾਂ ਭਰਿਆ ਗਿਆ ਹੈ ਕਿ ਹਰੇਕ ਬੋਤਲ ਵਿੱਚ $\frac{1}{4}$ ਲਿਟਰ ਦੁੱਧ ਹੈ।

- ਹਰ ਬੋਤਲ ਵਿੱਚ ਰੰਗ ਭਰ ਕੇ ਦੁੱਧ ਦਾ ਪੱਧਰ ਦਿਖਾਓ ?



**ਯਾਦ ਰੱਖੋ 1 ਲਿਟਰ = 1000 ਮਿਲੀਲਿਟਰ**

- ਹਰ ਬੋਤਲ ਵਿੱਚ ਕਿੰਨੇ ਮਿਲੀਲਿਟਰ ਦੁੱਧ ਹੈ ?________

ਸ਼ਾਨ ਨੇ 1 ਲਿਟਰ ਦੁੱਧ ਦੋ ਬੋਤਲਾਂ ਵਿੱਚ ਇਸ ਤਰ੍ਹਾਂ ਪਾਇਆ ਕਿ ਪਹਿਲੀ ਬੋਤਲ ਵਿੱਚ $\frac{3}{4}$ ਲਿਟਰ ਦੁੱਧ ਆਇਆ ਅਤੇ ਦੂਸਰੀ ਵਿੱਚ $\frac{1}{4}$ ਦੁੱਧ ਆਇਆ।




- ਦੋਵਾਂ ਬੋਤਲਾਂ ਵਿੱਚ ਜਿੱਥੇ ਤੱਕ ਦੁੱਧ ਆਇਆ ਉਨੇ ਹਿੱਸੇ ਵਿੱਚ ਰੰਗ ਭਰੋ।
- ਹਰ ਬੋਤਲ ਵਿੱਚ ਕਿੰਨੇ ਮਿਲੀਲਿਟਰ ਦੁੱਧ ਹੈ ?

## ਬਰਾਬਰ ਭਾਰ




- ਖਾਲੀ ਪਲੜੇ ਵਿੱਚ ਸਹੀ ਵਜਨ ਲਿਖ ਕੇ ਦੋਵਾਂ ਪਲੜਿਆਂ ਨੂੰ ਬਰਾਬਰ ਕਰੋ। ਕਿੰਨੇ ਤਰੀਕਿਆਂ ਨਾਲ ਤੁਸੀਂ ਇਸ ਨੂੰ ਬਰਾਬਰ ਕਰ ਸਕਦੇ ਹੋ ?

(ੳ) ਖਾਲੀ ਪਲੜੇ ਵਿੱਚ ਵੱਟੇ ਬਣਾਓ ਅਤੇ ਬਰਾਬਰ ਕਰੋ।





**ਯਾਦ ਰੱਖੋ 1 ਕਿਲੋ=1000 ਗ੍ਰਾਮ**

(ਅ) ਕਿੰਨੇ ਵੱਖ ਵੱਖ ਤਰੀਕਿਆਂ ਨਾਲ ਤੁਸੀਂ $\frac{3}{4}$ ਕਿਲੋ ਭਾਰ ਦੀ ਬਰਾਬਰੀ ਕਰ ਸਕਦੇ ਹੋ ?

1) ........................


2) ........................


3) ........................



## ਇਹ ਗਲਤ ਕਿਉਂ ਹੈ ?

ਰਮਨ ਨੇ ਕੁੱਝ ਭਾਗਾਂ ਵਿੱਚ ਰੰਗ ਭਰ ਦਿੱਤਾ ਹੈ ਪਰ ਉਸਦੀ ਦੋਸਤ ਮਿਨੀ ਕਹਿੰਦੀ ਹੈ ਕਿ ਇਹ ਗਲਤ ਹੈ ।ਕੀ ਤੁਸੀਂ ਦੱਸ ਸਕਦੇ ਹੋ ਕਿ ਇਹ ਗਲਤ ਕਿਉਂ ਹੈ ?





## ਅਭਿਆਸ ਦਾ ਸਮਾਂ


- ਇੱਥੇ 60 ਅੰਬ ਹਨ । $\frac{1}{2}$ ਪੱਕੇ ਹੋਏ ਹਨ ।ਕਿੰਨੇ ਅੰਬ ਪੱਕੇ ਹੋਏ ਹਨ ?
- ਇੱਥੇ 32 ਬੱਚੇ ਹਨ । $\frac{1}{2}$ ਕੁੜੀਆਂ ਹਨ ।ਮੁੰਡੇ ਕਿੰਨੇ ਹਨ ?
- 20 ਤਾਰੇ ਹਨ ।ਉਹਨਾਂ ਵਿਚੋਂ ਇਕ ਚੌਥਾਈ ਲਾਲ ਹਨ ।ਕਿੰਨੇ ਤਾਰੇ ਲਾਲ ਹਨ ?ਕਿੰਨੇ ਤਾਰੇ ਲਾਲ ਨਹੀਂ ਹਨ ?
- ਰਵੀ ਨੇ ਇੱਕ ਪੈਨਸਿਲ ਖਰੀਦਣੀ ਹੈ ।ਇਸਦੀ ਕੀਮਤ 2 ਰੁਪਏ ਹੈ ।ਉਸਨੇ 1 ਰੁਪਏ ਦਾ ਸਿਕਾ ਦਿੱਤਾ, ਅਤੇ ਇੱਕ ਚੌਥਾਈ ਰੁਪਏ ਦਾ ਸਿੱਕਾ ਦਿੱਤਾ ।ਕੀ ਇਹ ਕਾਫ਼ੀ ਸੀ ?






# 10 ਪੈਟਰਨ (ਨਮੂਨੇ)


ਟੀਨੂ ਨੇ ਇਸ ਬਲਾਕ  ਦੀ ਮਦਦ ਨਾਲ ਇੱਕ ਸਾੜੀ ਬਣਾਈ ਹੈ।



ਫਿਰ ਉਸਨੇ ਇਹ ਚਾਦਰ ਵੀ ਇਸ ਬਲਾਕ ਨਾਲ ਬਣਾਈ।




ਉਸਨੇ ਇਸ ਬਲਾਕ ਦੀ ਮਦਦ ਨਾਲ ਇਹ ਦੁੱਪਟਾ ਵੀ ਬਣਾਇਆ।



ਕੀ ਤੁਸੀਂ ਦੇਖਿਆ ਕਿ ਟੀਨੂ ਨੇ ਇੱਕ ਹੀ ਬਲਾਕ ਦੀ ਮਦਦ ਨਾਲ ਅਲੱਗ-ਅਲੱਗ ਪੈਟਰਨ ਕਿਵੇਂ ਬਣਾਏ? ਤੁਸੀਂ ਵੀ ਇਸ ਬਲਾਕ  ਦੀ ਮਦਦ ਨਾਲ 3 ਅਲੱਗ-ਅਲੱਗ ਪੈਟਰਨ ਬਣਾਓ।


ਪੈਟਰਨ-1




ਪੈਟਰਨ-2


| | | | | | | |
|---|---|---|---|---|---|---|
| | | | | | | |
| | | | | | | |


ਪੈਟਰਨ-3




ਯਾਮਿਨੀ ਨੇ ਆਪਣੇ ਬਲਾਕਾਂ ਦੇ ਅਲੱਗ-ਅਲੱਗ ਪੈਟਰਨ ਬਣਾਏ। ਕੀ ਤੁਸੀਂ ਇਹਨਾਂ ਪੈਟਰਨਾਂ ਨੂੰ ਅੱਗੇ ਵਧਾਉਣ ਵਿੱਚ ਉਸਦੀ ਮਦਦ ਕਰ ਸਕਦੇ ਹੋ ?







ਅਸੀਂ ਸੰਖਿਆਵਾਂ ਅਤੇ ਅੱਖਰਾਂ ਦੇ ਵੀ ਪੈਟਰਨ ਬਣਾ ਸਕਦੇ ਹਾਂ। ਹੇਠਾਂ ਕੁੱਝ ਉਦਾਹਰਨਾਂ ਦਿੱਤੀਆਂ ਗਈਆਂ ਹਨ, ਉਹਨਾਂ ਨੂੰ ਦੇਖੋ ਅਤੇ ਅੱਗੇ ਵਧਾਓ।




ਸੰਖਿਆਵਾਂ ਦਾ ਪ੍ਰਯੋਗ ਕਰਦੇ ਹੋਏ ਆਪਣੇ ਪੈਟਰਨ ਆਪ ਬਣਾਓ



ਹੁਣ ਬਿਨਾ ਸੰਖਿਆਵਾਂ ਦਾ ਪੈਟਰਨ ਬਣਾਓ।

| | | | | | |
|---|---|---|---|---|---|
| | | | | | |

**ਕੋਈ ਸੰਖਿਆ ਦੁਬਾਰਾ ਨਾ ਆਏ**

ਦਿੱਤੇ ਗਏ ਸੰਖਿਆ ਚਾਰਟ ਨੂੰ ਦੇਖੋ। ਕੀ ਤੁਹਾਨੂੰ ਕੋਈ ਪੈਟਰਨ ਨਜ਼ਰ ਆਇਆ ?



| | | |
|---|---|---|
| 1 | 2 | 3 |
| 3 | 1 | 2 |
| 2 | 3 | 1 |





ਇਸੇ ਤਰ੍ਹਾਂ ਤੁਸੀਂ ਵੀ *A, B, C* ਨੂੰ ਹੇਠਾਂ ਦਿੱਤੇ ਗਏ ਬਾਕਸ ਵਿੱਚ ਲਿਖੋ। ਕੋਈ ਵੀ ਅੱਖਰ ਦੁਹਰਾਇਆ ਨਾ ਜਾਏ।

| | | |
|---|---|---|
| | | |
| | | |
| | | |


ਇਥੇ ਅਸੀਂ 'ਕਤਾਰ' ਅਤੇ 'ਕਾਲਮ' ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਪਰ 'ਲਾਈਨ' ਸ਼ਬਦ ਦੀ ਵਰਤੋਂ ਕਰਦੇ ਹੋਏ ਅਧਿਆਪਕ 'ਕਤਾਰ' ਅਤੇ 'ਕਾਲਮ' ਸ਼ਬਦ ਦੀ ਅਵਧਾਰਣਾ 'ਤੇ ਬੱਚਿਆਂ ਨਾਲ ਗੱਲਬਾਤ ਕਰ ਸਕਦੇ ਹਨ।

## ਜਾਦੂਈ ਪੈਟਰਨ





1 ਤੋਂ 7 ਤੱਕ ਦੀ ਸੰਖਿਆਵਾਂ ਦੇ ਇਸ ਪੈਟਰਨ ਨੂੰ ਦੇਖੋ। ਹਰ ਇੱਕ ਲਾਈਨ ਵਿੱਚ ਸੰਖਿਆਵਾਂ ਦਾ ਜੋੜ 12 ਹੈ।

ਹੁਣ ਤੁਸੀਂ 1 ਤੋਂ 9 ਤੱਕ ਦੀ ਸੰਖਿਆਵਾਂ ਨੂੰ ਇਹਨਾਂ ਤਾਰਿਆਂ ਵਿੱਚ ਭਰੋ। ਨਿਯਮ ਇਹ ਹੈ ਕਿ ਹਰ ਲਾਈਨ ਵਿੱਚ ਸੰਖਿਆਵਾਂ ਦਾ ਜੋੜ 15 ਆਏ।



## ਜਾਦੂਈ ਤਿਕੋਣ

ਹੇਠਾਂ ਲਿਖੇ ਅੰਕਾਂ ਦੇ ਪੈਟਰਨ ਨੂੰ ਦੇਖੋ।





ਨਿਯਮ-ਤਿਕੋਣ ਦੀ ਹਰੇਕ ਲਾਈਨ ਦੀਆਂ ਸੰਖਿਆਵਾਂ ਦਾ ਜੋੜ 9 ਹੈ।

$3 + 4 + 2 = 9$

ਹੁਣ ਇਹ ਵੀ ਦੇਖੋ ਕਿ ਤਿਕੋਣ ਦੀਆਂ ਬਾਕੀ ਦੋ ਲਾਈਨਾਂ ਦਾ ਜੋੜ ਵੀ 9 ਹੁੰਦਾ ਹੈ ਜਾਂ ਨਹੀਂ।


1 ਤੋਂ 6 ਤੱਕ ਦੀਆਂ ਸੰਖਿਆਵਾਂ ਦੀ ਵਰਤੋਂ ਕਰਦੇ ਹੋਏ ਆਪਣਾ ਜਾਦੂਈ ਤਿਕੋਣ ਬਣਾਓ।

ਨਿਯਮ- ਹਰ ਇੱਕ ਲਾਈਨ ਦੀਆਂ ਸੰਖਿਆਵਾਂ ਦਾ ਜੋੜ 10 ਆਉਣਾ ਚਾਹੀਦਾ ਹੈ।




**ਸੰਖਿਆਵਾਂ ਦਾ ਟਾਵਰ (ਮੀਨਾਰ)**

ਸੰਖਿਆਵਾਂ ਨੂੰ ਟਾਵਰ ਦੀ ਤਰਾਂ ਲਗਾਇਆ ਜਾ ਸਕਦਾ ਹੈ। ਇਸ ਸੰਖਿਆ ਪੈਟਰਨ ਨੂੰ ਸਮਝਣ ਦੇ ਲਈ ਹੇਠਾਂ ਤੋਂ ਸ਼ੁਰੂ ਕਰੋ।





ਕੀ ਤੁਹਾਨੂੰ ਇੱਥੇ ਕੋਈ ਨਿਯਮ ਦਿਖਾਈ ਦੇ ਰਿਹਾ ਹੈ ?

ਨਿਯਮ-ਹੇਠਲੀਆਂ ਦੋ ਸੰਖਿਆਵਾਂ ਜੋੜ ਕੇ ਉੱਪਰ ਦੀ ਸੰਖਿਆ ਬਣਦੀ ਹੈ।






20 + 30 = 50




30 + 50 = 80

ਇਸੇ ਨਿਯਮ ਨੂੰ ਮੰਨਦੇ ਹੋਏ, ਹੇਠਾਂ ਦਿੱਤੇ ਸੰਖਿਆ ਟਾਵਰ ਨੂੰ ਪੂਰਾ ਕਰੋ।




## ਬਰਾਬਰ ਜੋੜ ਦਾ ਨਿਯਮ

ਕੁੱਝ ਦੋਸਤ ਸੰਖਿਆ ਕਾਰਡਾਂ ਨਾਲ ਖੇਡ ਰਹੇ ਹਨ। ਦੇਖੋ ਉਹ ਸੰਖਿਆਵਾਂ ਨੂੰ ਕਿਵੇਂ ਜੋੜ ਰਹੇ ਹਨ।

ਖੱਬੇ ਤੋਂ ਪਹਿਲਾ

ਸੱਜੇ ਤੋਂ ਪਹਿਲਾ




ਕੀ ਤੁਸੀਂ ਉਹ ਨਿਯਮ ਲੱਭ ਸਕਦੇ ਹੋ ਜਿਸ ਨਾਲ ਹਰ ਵਾਰ ਸੰਖਿਆਵਾਂ ਦਾ ਜੋੜ ਬਰਾਬਰ ਆ ਰਿਹਾ ਹੈ।

| | | | | |
|---|---|---|---|---|
| 11 | + | 16 | = | 27 |
| 12 | + | 15 | = | 27 |
| 13 | + | 14 | = | 27 |

ਨਿਯਮ- ਅੰਕਾਂ ਦਾ ਜੋੜ ਬਰਾਬਰ ਆਵੇਗਾ ਜੇਕਰ ਅਸੀਂ ਇਹਨਾਂ ਅੰਕਾਂ ਨੂੰ ਜੋੜੀਏ।

ਖੱਬੇ ਤੋਂ ਪਹਿਲੀ ਅਤੇ ਸੱਜੇ ਤੋਂ ਪਹਿਲੀ

ਖੱਬੇ ਤੋਂ ਦੂਸਰੀ ਅਤੇ ਸੱਜੇ ਤੋਂ ਦੂਸਰੀ

ਖੱਬੇ ਤੋਂ ਤੀਸਰੀ ਅਤੇ ਸੱਜੇ ਤੋਂ ਤੀਸਰੀ

ਹੁਣ ਤੁਸੀਂ ਕੋਈ ਵੀ ਸੰਖਿਆ ਲਿਖੋ ਅਤੇ ਫਿਰ ਉਸ ਤੋਂ ਅਗਲੀਆਂ ਤਿੰਨ ਸੰਖਿਆਵਾਂ ਲਿਖੋ। ਇਸੇ ਨਿਯਮ ਨੂੰ ਮੰਨਦੇ ਹੋਏ ਇੱਕ ਪੈਟਰਨ ਬਣਾਓ।

| | | | |
|---|---|---|---|
| | | | |

| | | | | |
|---|---|---|---|---|
| | + | | = | |
| | + | | = | |

## ਜੋੜ ਦੇ ਪੈਟਰਨ

1 + 2 + 3 = 6

2 + 3 + 4 = 9

3 + 4 + 5 = 12







1 + 2 + 3 + 4 = 10

2 + 3 + 4 + 5 = 14

3 + 4 + 5 + 6 = 18

ਹੁਣ ਤੁਸੀਂ 5 ਸੰਖਿਆਵਾਂ ਨਾਲ ਪੈਟਰਨ ਬਣਾਉਣ ਦੀ ਕੋਸ਼ਿਸ਼ ਕਰੋ।

___ + ___ + ___ + ___ + ___ = ___

___ + ___ + ___ + ___ + ___ = ___

___ + ___ + ___ + ___ + ___ = ___

___ + ___ + ___ + ___ + ___ = ___

___ + ___ + ___ + ___ + ___ = ___

ਕੀ ਹਰ ਵਾਰ ਹਰ ਜੋੜ ਪਿਛਲੇ ਜੋੜ ਤੋਂ 5 ਜ਼ਿਆਦਾ ਹੈ ?

# ਗੁਪਤ ਸੰਦੇਸ਼




ਯਾਮਿਨੀ ਨੇ ਨਿਯਮ ਸਮਝਾਇਆ-ਅੱਖਰਾਂ ਦੇ ਲਈ ਸੰਖਿਆਵਾਂ ਦੀ ਵਰਤੋਂ ਕੀਤੀ ਗਈ ਹੈ।ਜਿਵੇਂ J = 10 ਹੈ। P = 16 ਹੈ।ਇਸ ਲਈ JUMP ਹੋ ਜਾਏਗਾ 10 21 13 16.

- ਇਸ ਸੂਚੀ ਨੂੰ ਅਖੱਰਾਂ ਅਤੇ ਸੰਖਿਆਵਾਂ ਦੀ ਮਦਦ ਨਾਲ ਪੂਰਾ ਕਰੋ।

| | | | | |
|---|---|---|---|---|
| A | B | C | D | E |
| 1 | 2 | 3 | 4 | 5 |


- ਟੀਨੂੰ ਆਪਣੇ ਦੋਸਤ ਨੂੰ "Good morning" ਲਿਖ ਕੇ ਦੇਣਾ ਚਾਹੁੰਦੀ ਸੀ।

  ਇਸ ਨਿਯਮ ਨੂੰ ਮੰਨਦੇ ਹੋਏ ਉਸਨੂੰ ਕੀ ਲਿਖਣਾ ਹੋਏਗਾ ?

- ਜੇਕਰ ਅਸੀਂ ਨਿਯਮ ਬਦਲ ਦੇਈਏ ਅਤੇ B ਦੀ ਥਾਂ 'ਤੇ 1 ਲਿਖ ਦੇਈਏ, D ਦੀ ਥਾਂ 'ਤੇ 3 ਲਿਖ ਦੇਈਏ ਅਤੇ ਇਸ ਤਰ੍ਹਾਂ ਲਿਖਦੇ ਜਾਈਏ ਤਾਂ ਅਸੀਂ "Let us Dance" ਕਿਵੇਂ ਲਿਖਾਂਗੇ ?

ਗੁਪਤ ਸੰਦੇਸ਼ਾਂ ਦੀ ਕੋਡਿੰਗ ਅਤੇ ਡੀਕੋਡਿੰਗ ਕਰਨਾ ਪੈਟਰਨ ਦੀ ਪਹਿਚਾਣ ਹਿੱਸਾ ਹੈ। ਗਣਿਤ ਸਿੱਖਣ (ਵਿਚਾਰਨ) ਲਈ ਨਿਯਮ ਦੀ ਪਹਿਚਾਣ ਕਰਨਾ ਜ਼ਰੂਰੀ ਹੈ।

## ਕੁੱਝ ਹੋਰ ਗੁਪਤ ਸੰਦੇਸ਼




ਸਬਲੂ ਅਤੇ ਜੱਗੂ ਇੱਕ ਖੇਡ ਰਹੇ ਹਨ। ਉਹ ਕੁੱਝ ਗੁਪਤ ਸੰਦੇਸ਼ ਲਿਖ ਰਹੇ ਹਨ। ਪਰ ਕਾਹੁਲੀ ਉਹਨਾਂ ਨੂੰ ਸਮਝ ਨਹੀਂ ਸਕਦੀ। ਇਸ ਲਈ ਜੱਗੂ ਨੇ ਨਿਯਮ ਸਮਝਾਇਆ।

ਜੱਗੂ – ਦੇਖੋ, ਅਸੀਂ ਹਰ ਇੱਕ ਅੱਖਰ ਨੂੰ ਉਸਦੇ ਅਗਲੇ ਅੱਖਰ ਨਾਲ ਬਦਲ ਦਿੱਤਾ ਹੈ। ਇਸ ਲਈ F ਦੀ ਜਗਾ G, N ਦੀ ਜਗ੍ਹਾ 'ਤੇ O ਲਿਖ ਰਹੇ ਹਾਂ। ਇਸ ਲਈ (Yes) (ZFT) ਬਣ ਗਿਆ ਹੈ।

ਕਾਹੁਲੀ – ਓਹ! ਹੁਣ ਸਮਝ ਆ ਇਆ।

ਕਾਹੁਲੀ – ਹੁਣ ਤੁਸੀਂ ਦੱਸ ਸਕਦੇ ਹੋ ਕਿ ਮੈਂ ਕੀ ਲਿਖਿਆ ਹੈ ? XF BSF GSJFOE T

- ਕਾਹੁਲੀ ਦਾ ਗੁਪਤ ਸੰਦੇਸ਼ ਕੀ ਸੀ ? ____________________
- ਸਬਲੂ ਅਤੇ ਜੱਗੂ ਨੇ ਕੀ ਲਿਖਿਆ ਸੀ ?

  ____________________________________________


- ਇਸ ਨਿਯਮ ਨੂੰ ਵਰਤਦੇ ਹੋਏ 'Meet me on the moon' ਲਿਖਣ ਦੀ ਕੋਸ਼ਿਸ਼ ਕਰੋ।

  ____________________________________________


- ਤੁਸੀਂ ਆਪਣੇ ਨਿਯਮ ਬਣਾ ਸਕਦੇ ਹੋ ਅਤੇ ਆਪਣੇ ਦੋਸਤਾਂ ਨੂੰ ਇਹ ਗੁਪਤ ਸੰਦੇਸ਼ ਸਮਝਣ ਲਈ ਕਹਿ ਸਕਦੇ ਹੋ।

## ਉਲਟਾ-ਪੁਲਟਾ

ਅਨੀਸ਼ਾ ਖੇਡ ਰਹੀ ਹੈ। ਉਹ ਆਪਣੇ ਦੋਸਤਾਂ ਨੂੰ ਦਿਖਾ ਰਹੀ ਹੈ ਕਿ ਉਹ ਆਪਣੇ ਸਿਰ 'ਤੇ ਖੜੀ ਹੋ ਸਕਦੀ ਹੈ।




ਹੁਣ ਅਨੀਸ਼ਾ ਇਸ ਕਾਰਡ ਨਾਲ ਖੇਡ ਰਹੀ ਹੈ। ਇਹ ਕਾਰਡ ਉਲਟਾ ਹੋ ਕੇ ਕਿਵੇਂ ਦਿਖੇਗਾ ? ਇੱਥੇ ਬਣਾਓ




## ਫਰਸ਼ ਦੇ ਪੈਟਰਨ


ਕੀ ਤੁਸੀਂ ਅਜਿਹਾ ਫਰਸ਼ ਵੇਖਿਆ ਹੈ ਜਿਸ ਵਿੱਚ ਅਜਿਹੀਆਂ ਟਾਈਲਾਂ ਲੱਗੀਆਂ ਹੋਣ ?






ਇਹਨਾਂ ਟਾਈਲਾਂ ਨੂੰ ਫਰਸ਼ 'ਤੇ ਕੁੱਝ ਇਸ ਤਰਾਂ ਲਗਾਇਆ ਜਾਂਦਾ ਹੈ ਕਿ ਇਹ ਪੂਰੀ ਤਰਾਂ ਫਰਸ਼ 'ਤੇ ਫੈਲ ਜਾਣ ਅਤੇ ਵਿੱਚ ਖਾਲੀ ਜਗ੍ਹਾ ਵੀ ਨਾ ਬਚੇ।


(ੳ) ਹੁਣ ਤੁਸੀਂ ਇਸ ਫਰਸ਼ ਨੂੰ ਦਿੱਤੀਆਂ ਟਾਈਲਾਂ ਨਾਲ ਭਰੋ।




(ਅ) ਕੀ ਤੁਸੀਂ ਇੱਕ ਚੱਕਰ ਦੇ ਅਕਾਰ ਦੀ ਟਾਈਲ ਨਾਲ ਫਰਸ਼ ਢੱਕ ਸਕਦੇ ਹੋ ?ਇਸ ਹਰੀ ਟਾਈਲ ਦੀ ਵਰਤੋਂ ਕਰਦੇ ਹੋਏ ਫਰਸ਼ ਨੂੰ ਬਿਨਾ ਜਗ੍ਹਾ ਛੱਡੇ ਭਰਨ ਦੀ ਕੋਸ਼ਿਸ਼ ਕਰੋ।ਕੀ ਤੁਸੀਂ ਕਰ ਸਕੇ ?ਆਪਣੇ ਦੋਸਤਾਂ ਨਾਲ ਗੱਲਬਾਤ ਕਰੋ।




(ੲ) ਹੇਠਾਂ ਬਣੇ ਟਾਈਲ ਦੇ ਪੈਟਰਨ ਨੂੰ ਪੂਰਾ ਕਰੋ।



(ਸ) ਰਮਈਆ ਨੇ ਆਪਣੇ ਬਲਾਕ ਦੀ ਮਦਦ ਨਾਲ ਇੱਕ ਦੀਵਾਰ ਬਣਾਈ ਹੈ। ਕੀ ਤੁਸੀਂ ਉਸ ਲਈ ਇਸ ਦੀਵਾਰ ਨੂੰ ਪੂਰਾ ਕਰ ਸਕਦੇ ਹੋ ?




(ਹ) ਰੇਨੂੰ ਨੇ ਇਸ ਦੀਵਾਰ ਉੱਪਰ ਰੰਗ ਕਰਨਾ ਸ਼ੁਰੂ ਕੀਤਾ ਹੈ। ਹੁਣ ਤੁਸੀਂ ਉਸਦੀ ਇਸ ਕੰਮ ਵਿੱਚ ਮਦਦ ਕਰੋ।



# 11 ਪਹਾੜੇ ਅਤੇ ਬਟਵਾਰੇ

**ਸ਼ਿਆਮਾ ਦਾ ਬਗੀਚਾ**



ਸ਼ਿਆਮਾ ਨੇ ਆਪਣੇ ਬਗੀਚੇ ਵਿੱਚ ਸੂਰਜਮੁਖੀ, ਗੁਲਾਬ ਅਤੇ ਗੇਂਦੇ ਦੇ ਪੌਦੇ ਉਗਾਏ ਹਨ। ਉਸਨੇ ਉਹਨਾਂ ਨੂੰ ਤਿੰਨ ਕਿਆਰੀਆਂ ਵਿੱਚ ਲਗਾਇਆ ਹੈ। ਉਸਦਾ ਬਗੀਚਾ ਅਜਿਹਾ ਦਿਖਦਾ ਹੈ।




ਹਰ ਇੱਕ ਕਿਆਰੀ ਵਿੱਚ ਪੌਦਿਆਂ ਦੀ ਤਰਤੀਬ ਅਲੱਗ ਹੈ।

ਦੇਖੋ ਗੁਲਾਬ ਦੇ ਪੌਦੇ ਕਿਵੇਂ ਉਗਾਏ ਗਏ ਹਨ।

$18 = 6 \times 3$ ਇਸ ਤਰ੍ਹਾਂ 6 ਕਤਾਰਾਂ ਹੋਈਆਂ ਅਤੇ ਹਰ ਕਤਾਰ ਵਿੱਚ 3 ਪੌਦੇ।

ਸੂਰਜਮੁਖੀ ਅਤੇ ਗੇਂਦੇ ਦੇ ਫੁੱਲ ਕਿਸ-ਕਿਸ ਤਰੀਕੇ ਨਾਲ ਲਗਾਏ ਗਏ ਹਨ ?

18 = _____ × _____ ਇਸ ਤਰ੍ਹਾਂ __ ਕਤਾਰਾਂ ਅਤੇ ਹਰ ਕਤਾਰ ਵਿੱਚ __ ਪੌਦੇ


18 = _____ × _____ ਇਸ ਤਰ੍ਹਾਂ __ ਕਤਾਰਾਂ ਅਤੇ ਹਰ ਕਤਾਰ ਵਿੱਚ __ ਪੌਦੇ

ਤੁਸੀਂ ਵੀ ਆਪਣਾ ਬਗੀਚਾ ਬਣਾ ਸਕਦੇ ਹੋ। ਇੱਕ ਬਗੀਚੇ ਦਾ ਚਿੱਤਰ ਬਣਾਓ ਜਿਸ ਵਿੱਚ 48 ਪੌਦਿਆਂ ਦੇ ਲਈ ਕਿਆਰੀਆਂ ਬਣੀਆਂ ਹੋਣ। ਹਰ ਕਤਾਰ ਵਿੱਚ ਬਰਾਬਰ ਪੌਦੇ ਹੋਣ।

ਚੀਜ਼ਾਂ ਨੂੰ ਆਇਤਾਕਾਰ ਸੰਰਚਨਾ ਵਿੱਚ ਸਜਾਉਣ ਦੇ ਨਾਲ ਹੀ ਗੁਣਾ ਦੀ ਅਵਧਾਰਣਾ ਦਾ ਸਿੱਧਾ ਸੰਬੰਧ ਹੈ। ਜਮਾਤ ਵਿੱਚ ਕੁਰਸੀਆਂ ਨੂੰ ਰੱਖਣਾ, ਪ੍ਰਾਰਥਨਾ ਸਭਾ ਵਿੱਚ ਬੱਚਿਆਂ ਦੀ ਵਿਵਸਥਾ ਆਦਿ ਸੰਦਰਭਾਂ 'ਤੇ ਅਧਾਰਿਤ ਸਵਾਲਾਂ ਤੇ ਵੀ ਬੱਚਿਆਂ ਨਾਲ ਚਰਚਾ (ਗੱਲਬਾਤ) ਕੀਤੀ ਜਾ ਸਕਦੀ ਹੈ।

## ਅਲਮਾਰੀ ਵਿੱਚ ਜੱਗ

ਭੀਮਾ ਤਰਖਾਣ ਨੇ 30 ਜੱਗਾਂ ਦੇ ਲਈ ਇੱਕ ਅਲਮਾਰੀ ਬਣਾਈ। ਇਹ ਦੋ ਖਾਨਿਆਂ ਵਾਲੀ ਲੰਬੀ ਅਲਮਾਰੀ ਹੈ। ਹਰ ਖਾਨੇ ਵਿੱਚ ਬਰਾਬਰ-ਬਰਾਬਰ ਜੱਗ ਹਨ।



ਕੀ ਤੁਸੀਂ ਇਹਨਾਂ 30 ਜੱਗਾਂ ਨੂੰ ਰੱਖਣ ਦੇ ਲਈ ਕਿਸੇ ਵੱਖਰੇ ਤਰੀਕੇ ਨਾਲ ਅਲਮਾਰੀ ਬਣਾਉਣ ਦੇ ਬਾਰੇ ਵਿੱਚ ਸੋਚ ਸਕਦੇ ਹੋ ?

* ਇੱਕ ਅਲਮਾਰੀ ਬਣਾਓ। ਉਸ ਵਿੱਚ ਜੱਗ ਵੀ ਬਣਾਓ। ਦੱਸੋ ਕਿ ਤੁਸੀਂ ਹਰ ਖਾਨੇ ਵਿੱਚ ਕਿੰਨੇ ਜੱਗ ਰਖੇ ਹਨ। ਇਸ ਵਿੱਚ ਕਿੰਨੇ ਖਾਨੇ ਹਨ ?

  ਕੀ ਤੁਹਾਡੇ ਦੋਸਤਾਂ ਨੇ ਇਸ ਨੂੰ ਵੱਖਰੇ-ਵੱਖਰੇ ਤਰੀਕਿਆਂ ਨਾਲ ਬਣਾਇਆ ਹੈ ?

## ਅਸਾਨ ਤਰੀਕੇ




ਬੱਚੇ ਬਿਨਾਂ ਰਟੇ ਨਵੇਂ-ਨਵੇਂ ਪਹਾੜੇ ਬਣਾਉਣ ਦਾ ਤਰੀਕਾ ਬਹੁਤ ਪਸੰਦ ਕਰਨਗੇ।

2 ਦਾ ਪਹਾੜਾ

| 2×1 | 2×2 | 2×3 | 2×4 | 2×5 | 2×6 | 2×7 | 2×8 | 2×9 | 2×10 |
|---|---|---|---|---|---|---|---|---|---|
| 2 | 4 | 6 | 8 | 10 | 12 | 14 | 16 | 18 | 20 |

5 ਦਾ ਪਹਾੜਾ

| 5×1 | 5×2 | 5×3 | 5×4 | 5×5 | 5×6 | 5×7 | 5×8 | 5×9 | 5×10 |
|---|---|---|---|---|---|---|---|---|---|
| 5 | 10 | 15 | 20 | 25 | 30 | 35 | 40 | 45 | 50 |

7 ਦਾ ਪਹਾੜਾ

| | | | | | | | | | |
|---|---|---|---|---|---|---|---|---|---|
| 7 | 14 | 21 | 28 | 35 | 42 | 49 | 56 | 63 | 70 |




4 ਅਤੇ 3 ਦੇ ਪਹਾੜੇ ਨਾਲ 7 ਦਾ ਪਹਾੜਾ ਬੁਣਾਉਣ ਵਿੱਚ ਬੰਟੀ ਦੀ ਮਦਦ ਕਰੋ।

4 ਦਾ ਪਹਾੜਾ

| 4×1 | 4×2 | 4×3 | 4×4 | 4×5 | 4×6 | 4×7 | 4×8 | 4×9 | 4×10 |
|---|---|---|---|---|---|---|---|---|---|
| 4 | 8 | | | | | | | | |

3 ਦਾ ਪਹਾੜਾ

| 3×1 | 3×2 | 3×3 | 3×4 | 3×5 | 3×6 | 3×7 | 3×8 | 3×9 | 3×10 |
|---|---|---|---|---|---|---|---|---|---|
| 3 | 6 | | | | | | | | |


7 ਦਾ ਪਹਾੜਾ

| | | | | | | | | | |
|---|---|---|---|---|---|---|---|---|---|
| 7 | | | | | | | | | |

12 ਦਾ ਪਹਾੜਾ ਬਣਾਉਣ ਦੇ ਲਈ ਤੁਸੀਂ ਕਿਹੜੇ ਦੋ ਪਹਾੜਿਆਂ ਦੀ ਵਰਤੋਂ ਕਰੋਗੇ ?

## ਕਿੰਨੀਆਂ ਬਿੱਲੀਆਂ ?

ਗਾਇਤਰੀ ਦੀਆਂ ਕੁੱਝ ਬਿੱਲੀਆਂ ਇੱਕ ਡੱਬੇ ਦੇ ਅੰਦਰ ਖੇਡ ਰਹੀਆਂ ਸਨ। ਜਦੋਂ ਉਸਨੇ ਉਹਨਾਂ ਨੂੰ ਗਿਣਨ ਲਈ ਡੱਬੇ ਅੰਦਰ ਝਾਕਿਆ ਤਾਂ ਉਸਨੂੰ ਸਿਰਫ਼ ਉਹਨਾਂ ਦੇ ਪੈਰ ਨਜ਼ਰ ਆਏ।ਉਸਨੇ ਗਿਣਿਆ ਤਾਂ 28 ਪੈਰ ਸੀ।ਡੱਬੇ ਵਿੱਚ ਕਿੰਨੀਆਂ ਬਿੱਲੀਆਂ ਸਨ ?






| ਕਿੰਨੇ ਪੈਰ ? | 4 | 8 | 12 | | | | | |
|---|---|---|---|---|---|---|---|---|
| ਕਿੰਨੀਆਂ ਬਿੱਲੀਆਂ ? | 1 | 2 | | | | | | |

ਇਸ ਤਰ੍ਹਾਂ 28 ਪੈਰ ਮਤਲਬ __________ ਬਿੱਲੀਆਂ।

* ਬਿੱਲੂ ਨੇ ਆਪਣੇ ਚੂਚਿਆਂ ਨੂੰ ਇੱਕ ਡੱਬੇ ਵਿੱਚ ਰੱਖਿਆ ਹੈ।ਉਸਨੇ 28 ਪੈਰ ਗਿਣੇ ਹਨ। ਡੱਬੇ ਵਿੱਚ ਕਿੰਨੇ ਚੂਚੇ ਹਨ ?

* ਲੀਲਾ 21 ਦਿਨਾਂ ਤੋਂ ਸਕੂਲ ਨਹੀਂ ਗਈ ਹੈ। ਉਹ ਕਿੰਨੇ ਹਫ਼ਤਿਆਂ ਤੋਂ ਸਕੂਲ ਨਹੀਂ ਗਈ ਹੈ ?

ਬੱਚਿਆਂ ਨੂੰ ਸਾਰਣੀ ਭਰਨ ਲਈ ਉਤਸ਼ਾਹਿਤ ਕਰੋ ਅਤੇ ਨਾਲ ਹੀ ਉਹਨਾਂ ਦੇ ਵਿੱਚ ਸਮਾਨਵੀਕਰਨ (generalesation) ਦੀ ਆਦਤ ਨੂੰ ਉਤਸ਼ਾਹਿਤ ਕਰੋ।ਉਦਾਹਰਣ ਦੇ ਤੌਰ ਤੇ, ਉਹ ਸਮਝ ਸਕਣ ਕਿ 48 ਪੈਰ ਮਤਲਬ 12 ਬਿੱਲੀਆਂ ਅਤੇ 12 ਬਿੱਲੀਆਂ ਮਤਲਬ 48 ਪੈਰ।ਅਸਲ ਵਿੱਚ ਇਹ ਬੀਜਗਣਿਤਕ ਚਿੰਤਨ ਦਾ ਆਧਾਰ ਹੈ।


## ਜਾਨਵਰਾਂ ਦੀ ਛਲਾਂਗ

ਕੀ ਤੁਹਾਨੂੰ ਜਮਾਤ 3 ਵਿਚਲੇ ਛਾਲ ਮਾਰਨ ਵਾਲੇ ਜਾਨਵਰ ਯਾਦ ਹਨ ?

ਇੱਕ ਡੱਡੂ 0 ਤੋਂ ਸ਼ੁਰੂ ਕਰਕੇ ਇੱਕ ਛਾਲ ਵਿੱਚ 3 ਕਦਮ ਕੁੱਦਦਾ ਹੈ।

* ਜੇਕਰ ਉਹ 27 'ਤੇ ਹੈ ਤਾਂ ਉਹ ਹੁਣ ਤੱਕ ਕਿੰਨੇ ਕਦਮ ਕੁੱਦਿਆ ?

  ਉਸਨੇ ਛਾਲ ਲਗਾਈ 27 ÷ 3 = ______ ਛਾਲਾਂ।



* ਉਹ ............... ਛਾਲਾਂ ਲਗਾ ਚੁੱਕਾ ਹੈ ਜੇਕਰ ਉਹ 36 'ਤੇ ਹੈ।
* ਜੇਕਰ ਉਹ 42 'ਤੇ ਹੈ ਤਾਂ ਉਸਨੇ ............... ਛਾਲਾਂ ਮਾਰੀਆਂ ਹਨ।

ਇੱਕ ਖਰਗੋਸ਼ 0 ਤੋਂ ਸ਼ੁਰੂ ਕਰਕੇ ਇੱਕ ਵਾਰ ਵਿੱਚ 5 ਛਾਲਾਂ ਮਾਰਦਾ ਹੈ।

* ਕਿੰਨੀਆਂ ਛਾਲਾਂ ਵਿੱਚ ਉਹ 25 'ਤੇ ਪਹੁੰਚਦਾ ਹੈ ?______________
* ਉਹ 8 ਛਾਲਾਂ ਤੋਂ ਬਾਅਦ ________ 'ਤੇ ਪਹੁੰਚਿਆ।
* ਉਸ ਨੂੰ 55 'ਤੇ ਜਾਣ ਲਈ ________ ਛਾਲਾਂ ਚਾਹੀਦੀਆਂ ਹਨ।

### ਅਭਿਆਸ

| | |
|---|---|
| 1) 28 ÷ 2 = | 2) 56 ÷ 7 = |
| 3) 48 ÷ 4 = | 4) 66 ÷ 6 = |
| 5) 96 ÷ 8 = | 6) 110 ÷ 10 = |

ਵਿਦਿਆਰਥੀ ਗੁਣਾ ਤੇ ਭਾਗ ਦੇ ਲਈ ਇਸ ਤਰ੍ਹਾਂ ਦਾ ਅਭਿਆਸ ਜਮਾਤ 3 ਵਿੱਚ ਵੀ ਕਰ ਚੁੱਕੇ ਹਨ। ਦੇਖੋ ਪੇਜ (ਪੰਨਾ) ਨੰ 173-176, ਗਣਿਤ ਦਾ ਜਾਦੂ, ਜਮਾਤ 3 ।

## ਸਿੱਪੀਆਂ

ਧਰੁਵ ਸਮੁੰਦਰ ਦੇ ਕਿਨਾਰੇ ਰਹਿੰਦਾ ਹੈ।ਉਸਨੇ ਆਪਣੇ 3 ਦੋਸਤਾਂ ਲਈ ਮਾਲਾਵਾਂ ਬਣਾਉਣ ਦੀ ਸੋਚੀ। ਉਹ ਸਾਰਾ ਦਿਨ ਸਿੱਪੀਆਂ ਲੱਭਦਾ ਰਿਹਾ। ਉਸਨੇ ਸ਼ਾਮ ਤੱਕ 112 ਸਿੱਪੀਆਂ ਇੱਕਠੀਆਂ ਕਰ ਲਈਆਂ ਹੁਣ ਉਸਦੇ ਕੋਲ ਬਹੁਤ ਸਾਰੀਆਂ ਰੰਗ-ਬਿਰੰਗੀਆਂ ਸਿੱਪੀਆਂ ਹਨ।




ਉਸਨੇ 28 ਸਿੱਪੀਆਂ ਕੱਢ ਕੇ ਇੱਕ ਮਾਲਾ ਬਣਾ ਲਈ।

112 – 28 = 84

ਹੁਣ ਉਸਦੇ ਕੋਲ 84 ਸਿੱਪੀਆਂ ਬਚੀਆਂ।ਉਸਨੇ ਫਿਰ 28 ਸਿੱਪੀਆਂ ਲੈ ਕੇ ਦੂਸਰੀ ਮਾਲਾ ਤਿਆਰ ਕਰ ਲਈ।

* ਉਸਦੇ ਕੋਲ ਹੁਣ ਕਿੰਨੀਆਂ ਸਿੱਪੀਆਂ ਬਚੀਆਂ ?________

ਫਿਰ ਉਸਨੇ ਤੀਸਰੀ ਮਾਲਾ ਲਈ ਸਿੱਪੀਆਂ ਕੱਢ ਲਈਆਂ।

* ਹੁਣ ਉਸਦੇ ਕੋਲ ________ ਸਿੱਪੀਆਂ ਬਚੀਆਂ।
* 112 ਸਿੱਪੀਆਂ ਨਾਲ ਧਰੁਵ ਕੁੱਲ ਮਿਲਾ ਕੇ ਕਿੰਨੀਆਂ ਮਾਲਾਵਾਂ ਬਣਾ ਸਕਦਾ ਹੈ ?

  ________

* ਇਹਨਾਂ ਸਿੱਪੀਆਂ ਨਾਲ ਕੀ ਸਾਰੇ ਦੋਸਤਾਂ ਦੇ ਲਈ ਮਾਲਾਵਾਂ ਬਣ ਜਾਣਗੀਆਂ ?

  ________

### ਇਹਨਾਂ ਨੂੰ ਕਰਕੇ ਦੇਖੋ-

(ੳ)ਕੰਨੂ ਨੇ 17 ਸਿੱਪੀਆਂ ਨਾਲ ਇੱਕ ਮਾਲਾ ਬਣਾਈ। 100 ਸਿੱਪੀਆਂ ਨਾਲ ਅਜਿਹੀਆਂ ਕਿੰਨੀਆਂ ਮਾਲਾਵਾਂ ਬਣਾਈਆਂ ਜਾ ਸਕਦੀਆਂ ਹਨ।

ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਅਜਿਹੇ ਪ੍ਰਸ਼ਨ ਹੱਲ ਕਰਨ ਜੋ ਸੰਖਿਆਵਾਂ ਨਾਲ ਭਾਗ ਤੇ ਅਧਾਰਿਤ ਹੋਣ। ਅਜਿਹੀਆਂ ਸੰਖਿਆਵਾਂ ਜਿਨ੍ਹਾਂ ਲਈ ਉਹਨਾਂ ਨੂੰ ਪਹਾੜੇ ਨਹੀਂ ਆਉਂਦੇ।ਉਹ ਬਾਰ-ਬਾਰ ਘਟਾਉਣ ਦੀ ਵਿਧੀ ਦੀ ਵਰਤੋਂ ਕਰਕੇ ਇਹਨਾਂ ਨੂੰ ਹੱਲ ਕਰਨ।ਬੱਚਿਆਂ ਨੂੰ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਪ੍ਰਸ਼ਨ ਹੱਲ ਕਰਨ ਲਈ ਦਿਓ।

(ਅ) ਇੱਕ ਵੱਡੇ ਗੱਤੇ ਦੇ ਡੱਬੇ ਵਿੱਚ ਸਾਬਣ ਦੀਆਂ 85 ਟਿੱਕੀਆਂ ਆ ਸਕਦੀਆਂ ਹਨ। ਸ਼ੈਲੀ 338 ਟਿੱਕੀਆਂ ਪੈਕ ਕਰਨਾ ਚਾਹੁੰਦੀ ਹੈ। ਉਸ ਨੂੰ ਸਾਰੀਆਂ ਟਿੱਕੀਆਂ ਨੂੰ ਪੈਕ ਕਰਨ ਲਈ ਕਿੰਨੇ ਡੱਬਿਆਂ ਦੀ ਜਰੂਰਤ ਪਵੇਗੀ ?

(ੲ) ਮਨਪ੍ਰੀਤ ਨੂੰ ਘਰ ਬਣਾਉਣ ਦੇ ਲਈ 1500 ਸੀਮਿੰਟ ਦੀਆਂ ਬੋਰੀਆਂ ਦੀ ਜ਼ਰੂਰਤ ਹੈ। ਇੱਕ ਵਾਰ ਵਿੱਚ ਇੱਕ ਟਰੱਕ 250 ਬੋਰੀਆਂ ਲੈ ਜਾਂਦਾ ਹੈ। ਬੋਰੀਆਂ ਢੋਣ ਲਈ ਇੱਕ ਟਰੱਕ ਨੂੰ ਕਿੰਨੇ ਚੱਕਰ ਲਗਾਉਣੇ ਪੈਣਗੇ ?

ਇੱਕ ਡਰਾਈਵਰ ਇੱਕ ਚੱਕਰ ਲਗਾਉਣ ਦੇ ਲਈ 500 ਰੁਪਏ ਲੈਂਦਾ ਹੈ। ਮਨਪ੍ਰੀਤ ਨੂੰ ਡਰਾਈਵਰ ਨੂੰ ਕੁੱਲ ਕਿੰਨੇ ਰੁਪਏ ਦੇਣੇ ਪੈਣਗੇ ?

**ਗੰਗੂ ਦੀਆਂ ਮਿਠਾਈਆਂ**

ਗੰਗੂ ਈਦ ਦੇ ਲਈ ਮਿਠਾਈਆਂ ਬਣਾ ਰਿਹਾ ਹੈ। ਉਸਨੇ ਇੱਕ ਥਾਲੀ 80 ਲੱਡੂਆਂ ਦੀ ਤਿਆਰ ਕੀਤੀ ਹੈ।









ਰਾਬੀਆ

* ਕੀ 23 ਛੋਟੇ ਡੱਬੇ ਪੈਕ ਕਰਨ ਲਈ ਥਾਲੀ ਦੇ ਲੱਡੂ ਪੂਰੇ ਹੋਣਗੇ ? ____________
* ਹੋਰ ਕਿੰਨੇ ਲੱਡੂਆਂ ਦੀ ਜਰੂਰਤ ਪਵੇਗੀ ? ____________

ਇਸ ਅਭਿਆਸ ਨੂੰ ਕਰਨ ਦੇ ਲਈ ਬੱਚਿਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਆਪਣੇ ਤਰੀਕੇ (ਇਸਤੇਮਾਲ) ਵਰਤਣ, ਜਿਵੇਂ ਚਿੱਤਰਾਂ ਦਾ ਸਮੂਹ ਬਣਾਉਣਾ, ਗੁਣਾ ਦਾ ਜਾਂ ਵਾਰ-ਵਾਰ ਘਟਾਉਣ ਦੀ ਪ੍ਰਕਿਰਿਆ ਦਾ ਭਾਗ ਦੇ ਲਈ ਉਪਯੋਗ ਕਰਨਾ।

* ਗੰਗੂ ਦੇ ਕੋਲ ਇੱਕ ਡੱਬਾ ਵੀ ਹੈ ਜਿਸ ਵਿੱਚ ਉਹ 12 ਲੱਡੂ ਪੈਕ ਕਰਦਾ ਹੈ। 60 ਲੱਡੂ ਪੈਕ ਕਰਨ ਲਈ ਉਸਨੂੰ ਕਿੰਨੇ ਡੱਬਿਆਂ ਦੀ ਜਰੂਰਤ ਪਵੇਗੀ?



**ਅਭਿਆਸ ਦਾ ਸਮਾਂ**

1) ਨੀਲੂ ਆਪਣੀ ਜਮਾਤ ਵਿੱਚ ਕਹਾਣੀਆਂ ਦੀਆਂ 15 ਕਿਤਾਬਾਂ ਲੈ ਕੇ ਆਈ। ਅੱਜ ਜਮਾਤ ਵਿੱਚ 45 ਵਿਦਿਆਰਥੀ ਆਏ ਹਨ। ਇੱਕ ਕਿਤਾਬ ਨੂੰ ਕਿੰਨੇ ਵਿਦਿਆਰਥੀ ਰਲ-ਮਿਲ ਕੇ ਪੜ੍ਹਨਗੇ?

2) 8 ਲੋਕਾਂ ਦੇ ਪਰਿਵਾਰ ਨੂੰ ਇੱਕ ਮਹੀਨੇ ਵਿੱਚ 60 ਕਿਲੋ ਕਣਕ ਦੀ ਜ਼ਰੂਰਤ ਹੁੰਦੀ ਹੈ। ਇੱਕ ਹਫਤੇ ਵਿੱਚ ਇਸ ਪਰਿਵਾਰ ਵਿੱਚ ਕਿੰਨੀ ਕਣਕ ਦੀ ਜ਼ਰੂਰਤ ਹੋਵੇਗੀ?

3) ਰਜੀਆ ਨੂੰ 500 ਰੁਪਏ ਦੇ ਖੁੱਲੇ ਚਾਹੀਦੇ ਹਨ।



ਉਸ ਨੂੰ ਕਿੰਨੇ ਨੋਟ ਮਿਲਣਗੇ ਜੇਕਰ ਉਹ ਬਦਲੇ ਵਿੱਚ ਚਾਵੇ-

(ੳ) ਸਾਰੇ 100 ਰੁਪਏ ਦੇ ਨੋਟ? ____________

(ਅ) ਸਾਰੇ 50 ਰੁਪਏ ਦੇ ਨੋਟ? ____________

(ੲ) ਸਾਰੇ 20 ਰੁਪਏ ਦੇ ਨੋਟ? ____________

(ਸ) ਸਾਰੇ 5 ਰੁਪਏ ਦੇ ਨੋਟ? ____________



* ਤੁਸੀਂ 72 ਟਮਾਟਰ ਬਰਾਬਰ-ਬਰਾਬਰ ਤਿੰਨ ਟੋਕਰੀਆਂ ਵਿੱਚ ਰੱਖਣੇ ਹਨ। ਹਰ ਟੋਕਰੀ ਵਿੱਚ ਕਿੰਨੇ ਟਮਾਟਰ ਹੋਣਗੇ?

* ਇੱਕ ਠੇਲੇ ਵਿੱਚ 350 ਇੱਟਾਂ ਹਨ। ਵਿਨੋਦ ਨੇ ਦੇਖਿਆ ਕਿ ਇੱਕ ਇੱਟ ਦਾ ਵਜ਼ਨ 2 ਕਿਲੋਗ੍ਰਾਮ ਹੈ। ਸਾਰੀਆਂ ਇੱਟਾਂ ਦਾ ਵਜ਼ਨ ਕਿੰਨਾ ਹੋਵੇਗਾ?

## ਬੱਚੇ ਅਤੇ ਉਹਨਾਂ ਦੇ ਦਾਦਾ ਜੀ

ਰਾਸ਼ੀ, ਸੀਮਾ, ਮਰਿਦੁਲ, ਰੋਹਿਤ ਅਤੇ ਲੋਕੇਸ਼ ਨੇ ਮੇਲੇ ਵਿੱਚ ਜਾਣ ਲਈ ਦਾਦਾ ਜੀ ਤੋਂ ਪੈਸੇ ਮੰਗੇ।






### ਪਹਿਲਾ ਤਰੀਕਾ

ਰਾਸ਼ੀ ਅਤੇ ਸੀਮਾ ਨੇ ਕੁੱਝ ਦੇਰ ਸੋਚਿਆ ਅਤੇ ਬੋਲੇ-ਅਸੀਂ ਜਾਣਦੇ ਹਾਂ ਕਿ ਇਹ ਕਿਵੇਂ ਹੋਵੇਗਾ। 70 ÷ 5.

ਸੀਮਾ ਨੇ ਲਿਖਣਾ ਸ਼ੁਰੂ ਕੀਤਾ ਅਤੇ ਬੋਲੀ-

```
    10    ← ਪਹਿਲਾਂ ਮੈਂ ਸਭ ਨੂੰ ਦਸ-ਦਸ ਰੁਪਏ ਦਿੰਦੀ ਹਾਂ।
5 ) 70
  - 50    ← ਇਸ ਤਰ੍ਹਾਂ ਮੈਂ 5 × 10 = 50 ਰੁਪਏ ਵੰਡੇ।
    20    ← 20 ਰੁਪਏ ਅਜੇ ਵੀ ਬਚੇ ਹਨ।
```

ਰਾਸ਼ੀ ਨੇ ਇਸਨੂੰ ਇਸ ਤਰ੍ਹਾਂ ਪੂਰਾ ਕੀਤਾ ਉਸਨੇ ਕਿਹਾ —

```
    10 + 4
5 ) 70
  - 50
    20
  - 20
     0
```

ਜੇਕਰ ਮੈਂ ਹਰ ਇੱਕ ਨੂੰ 4 ਰੁਪਏ ਹੋਰ ਦੇਵਾ ਤਾਂ 20 ਰੁਪਏ ਵੰਡੇ ਜਾਣਗੇ।

ਹੁਣ ਕੁੱਝ ਨਹੀਂ ਬਚਿਆ ਅਤੇ ਸਾਰੇ ਪੈਸੇ ਬਰਾਬਰ ਵੰਡੇ ਗਏ।

ਇਸ ਤਰ੍ਹਾਂ ਹਰ ਕਿਸੇ ਨੂੰ 10+4=14 ਰੁਪਏ ਮਿਲਣਗੇ।

ਬੱਚਿਆਂ ਨੇ ਜਦੋਂ ਚੀਜ਼ਾਂ ਨੂੰ ਬਰਾਬਰ-ਬਰਾਬਰ ਵੰਡਣਾ ਹੋਵੇ ਤਾਂ ਉਹ ਅਸਲ ਵਿੱਚ ਇਹ ਤਰੀਕਾ ਅਪਣਾਉਂਦੇ ਹਨ। ਇਸ ਹਾਲਤ ਵਿੱਚ ਹੋ ਸਕਦਾ ਹੈ ਕਿ ਪਹਿਲਾਂ ਪੰਜ ਲੋਕਾਂ ਵਿੱਚ 10-10 ਰੁਪਏ ਦੇਣ ਫਿਰ ਬਚੀ ਰਕਮ ਨੂੰ ਵੀ ਬਰਾਬਰ ਵੰਡਣ। ਉਹ ਇਸ ਨੂੰ ਪਹਿਲਾਂ 5-5 ਰੁਪਏ ਦੇ ਕੇ ਵੀ ਵੰਡ ਸਕਦੇ ਹਨ। ਬੱਚੇ ਕਿਸੇ ਵੀ ਇੱਕ ਤਰੀਕੇ ਨਾਲ ਵੰਡਣ ਦਾ ਕੰਮ ਪੂਰਾ ਕਰ ਸਕਦੇ ਹਨ। ਇਹ ਹੀ ਇਸ ਤਰੀਕੇ ਦੀ ਸੁੰਦਰਤਾ ਹੈ।

## ਦੂਸਰਾ ਤਰੀਕਾ

ਮਰਿਦੁਲ ਅਤੇ ਲੋਕੇਸ਼ 70 ÷ 5 ਨੂੰ ਅਲੱਗ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



ਲੋਕੇਸ਼ ਲਿਖਦਾ ਹੈ —

ਪਹਿਲਾਂ ਮੈਂ ਹਰ ਕਿਸੇ ਨੂੰ 5 ਰੁਪਏ ਦੇਵਾਂਗਾ। → 5 + 6 ; 5 ) 70

ਫਿਰ ਮੈਂ ਵੰਡਾਗਾਂ 5×5=25 ਰੁਪਏ। → − 25

45


ਦੂਸਰੀ ਵਾਰ ਮੈਂ ਸਭ ਨੂੰ 6 ਰੁਪਏ ਹੋਰ ਦੇਵਾਂਗਾ।

ਇਸ ਤਰ੍ਹਾਂ ਮੈਂ 30 ਰੁਪਏ ਹੋਰ ਵੰਡਾਗਾ। → − 30

ਹੁਣ ਮੇਰੇ ਕੋਲ ________ ਰੁਪਏ ਬਚਣਗੇ। → ?


ਬਚੇ ਹੋਏ ਪੈਸੇ ਲੋਕੇਸ਼ ਕਿਵੇਂ ਵੰਡੇਗਾ ? ਇਸ ਨੂੰ ਪੂਰਾ ਕਰੋ।

ਇਸ ਤਰ੍ਹਾ ਹਰ ਬੱਚੇ ਨੂੰ ਮਿਲਣਗੇ 5 + 6 + ________ = ________ ਰੁਪਏ।




## ਤੁਹਾਡਾ ਤਰੀਕਾ

* ਹੁਣ ਆਪਣੇ ਤਰੀਕੇ ਨਾਲ 70 ਰੁਪਏ ਬਰਾਬਰ-ਬਰਾਬਰ ਪੰਜ ਲੋਕਾਂ ਵਿੱਚ ਵੰਡੋ। ਜੇਕਰ ਤੁਸੀਂ ਚਾਹੋ ਤਾਂ ਪਹਿਲਾਂ ਦੋ-ਦੋ ਰੁਪਏ ਵੰਡ ਕੇ ਦੇਖ ਸਕਦੇ ਹੋ ਜਾਂ ਤੁਸੀਂ ਗਿਆਰਾਂ-ਗਿਆਰਾਂ ਰੁਪਏ ਵੰਡ ਕੇ ਵੀ ਸ਼ੁਰੂ ਕਰ ਸਕਦੇ ਹੋ।




## ਕਰਕੇ ਦੇਖੋ

| | | | |
|---|---|---|---|
| a) 5 ) 65 | b) 84 ÷ 2 | c) 3 ) 69 | d) 90 ÷ 6 |
| e) 4 ) 72 | f) 9 ) 108 | g) 232 ÷ 2 | h) 2 ) 428 |

(I) ਮੀਰਾ ਨੇ ਬਜ਼ਾਰ ਵਿੱਚ ਵੇਚਣ ਦੇ ਲਈ 204 ਮੋਮਬੱਤੀਆਂ ਬਣਾਈਆਂ।ਉਹ ਉਹਨਾਂ ਨੂੰ 6 ਦੇ ਪੈਕੇਟ ਵਿੱਚ ਪੈਕ ਕਰ ਰਹੀ ਹੈ। ਉਹ ਕਿੰਨੇ ਪੈਕੇਟ ਬਣਾਏਗੀ ?



(j) ਖੇਡ-ਦਿਵਸ 'ਤੇ 161 ਬੱਚੇ ਸਕੂਲ ਦੇ ਮੈਦਾਨ ਵਿੱਚ ਖੜ੍ਹੇ ਹਨ।ਉਹ ਬਰਾਬਰ ਸੰਖਿਆ ਦੀਆਂ 7 ਕਤਾਰਾਂ ਵਿੱਚ ਖੜੇ ਹਨ।ਹਰ ਕਤਾਰ ਵਿੱਚ ਕਿੰਨੇ ਬੱਚੇ ਹਨ ?

**ਆਪਣੇ ਸਵਾਲ ਬਣਾਓ**

ਸਰਿਸ਼ਟੀ ਦੀ ਦਾਦੀ ਜੀ ਉਸਨੂੰ ਸਵਾਲ ਬਣਾਉਣ ਦੇ ਲਈ ਕਹਿ ਰਹੇ ਹਨ।




ਹੁਣ ਤੁਸੀਂ ਵੀ ਅਗਲੀ ਤਸਵੀਰ ਦੇਖੋ ਅਤੇ ਸਰਿਸ਼ਟੀ ਦੀ ਤਰ੍ਹਾਂ ਹੀ ਸਵਾਲ ਬਣਾਓ।


1.



ਰੱਖੜੀਆਂ ਦੇ 8 ਪੈਕਟ ਹਨ ਹਰ ਪੈਕਟ ਵਿੱਚ 6 ਰੱਖੜੀਆਂ ਹਨ।

ਤੁਹਾਡਾ ਸਵਾਲ –

2.





ਖੰਡ ਦੇ 10 ਪੈਕੇਟ ਹਨ।

ਸੋਰਭ ਨੇ ਸਾਰੇ ਪੈਕਟਾਂ ਦੇ ਲਈ 110 ਰੁਪਏ ਦਿੱਤੇ ਹਨ।

ਤੁਹਾਡਾ ਸਵਾਲ–

3.



3. ਇੱਥੇ 35 ਵਿਦਿਆਰਥੀ 7 ਲਾਈਨਾਂ ਵਿੱਚ ਬੈਠੇ ਹਨ। ਹਰ ਲਾਈਨ ਵਿੱਚ ਵਿਦਿਆਰਥੀਆਂ ਦੀ ਸੰਖਿਆ ਬਰਾਬਰ ਹੈ।

ਤੁਹਾਡਾ ਸਵਾਲ–

4. ਹਰੀ, ਸੀਮਾ, ਚਿੰਕੂ ਅਤੇ ਲਕਸ਼ਮੀ ਗੁਹਾਟੀ ਜਾ ਰਹੇ ਹਨ।
ਇੱਕ ਰੇਲ ਦੇ ਟਿਕਟ ਦੀ ਕੀਮਤ 62 ਰੁਪਏ ਹੈ।




ਤੁਹਾਡਾ ਸਵਾਲ -

5. ਇੱਕ ਮੀਟਰ ਕੱਪੜੇ ਦੀ ਕੀਮਤ 20 ਰੁਪਏ ਹੈ। ਰਾਮ ਲਾਲ ਨੇ ਕੁੱਝ ਕੱਪੜਾ ਖਰੀਦਿਆ ਅਤੇ 140 ਰੁਪਏ ਦਿੱਤੇ।




ਤੁਹਾਡਾ ਸਵਾਲ -



# 12 ਕਿੰਨਾ ਭਾਰੀ ? ਕਿੰਨਾ ਹਲਕਾ ?

ਜੋਜੂ ਅਤੇ ਮਨੂੰ ਆਪਣਾ ਮਕਾਨ ਬਦਲ ਰਹੇ ਸਨ। ਉਹਨਾਂ ਨੇ ਘਰ ਦਾ ਸਾਰਾ ਸਮਾਨ ਇੱਕ ਘੋੜਾ ਗੱਡੀ ਵਿੱਚ ਲੱਦਿਆ। ਉਸਦੇ ਸਮਾਨ ਵਿੱਚ ਸੀ- ਇੱਕ ਪਾਣੀ ਦੀ ਟੈਂਕੀ, ਪੰਜ ਬੋਰੀਆਂ ਕਣਕ, ਤਿੰਨ ਮੇਜ, ਇੱਕ ਅਲਮਾਰੀ, ਚਾਰ ਕੁਰਸੀਆਂ, ਦੋ ਗੱਦੇ, ਤਿੰਨ ਬੋਰੀ ਚਾਵਲ, ਇੱਕ ਬਾਂਸ ਦੀ ਪੌੜੀ ਅਤੇ ਕੁੱਝ ਭਾਂਡੇ।

ਜਦੋਂ ਉਹਨਾਂ ਨੇ ਸਾਰਾ ਸਮਾਨ ਲੱਦ ਲਿਆ ਅਤੇ ਚੱਲਣ ਲੱਗੇ ਤਾਂ ਘੋੜੇ ਨੇ ਚੱਲਣ ਤੋਂ ਮਨਾ ਕਰ ਦਿੱਤਾ। ਉਹ ਹੈਰਾਨ ਸੀ ਕਿ ਅਜਿਹਾ ਕਿਉਂ ਹੋਇਆ। ਉਹਨਾਂ ਦੇ ਪਿਤਾਜੀ ਨੇ ਦੱਸਿਆ ਕਿ ਘੋੜੇ ਦੀ ਤਬੀਅਤ ਠੀਕ ਨਹੀਂ ਹੈ ਅਤੇ ਉਹ 700 ਕਿਲੋਗ੍ਰਾਮ (kg) ਤੋਂ ਜ਼ਿਆਦਾ ਵਜਨ ਨਹੀਂ ਢੋ ਸਕਦਾ। ਉਹ! ਪਰ ਲੱਦਿਆ ਗਿਆ ਵਜ਼ਨ ਕਿੰਨਾ ਹੈ ?—ਉਹਨਾਂ ਨੇ ਪੁੱਛਿਆ।



ਉਹਨਾਂ ਦੇ ਪਿਤਾ ਜੀ ਨੇ ਉਹਨਾਂ ਨੂੰ ਚੀਜ਼ਾਂ ਦੇ ਵਜ਼ਨ ਦੇ ਬਾਰੇ ਜਾਣਕਾਰੀ ਦਿੱਤੀ।

| ਲੱਦਿਆ ਗਿਆ ਸਮਾਨ | ਵਜ਼ਨ |
|---|---|
| ਇੱਕ ਕਣਕ ਦੀ ਬੋਰੀ | 100 kg |
| ਇੱਕ ਚਾਵਲ ਦੀ ਬੋਰੀ | 35 kg |
| ਪਾਣੀ ਦੀ ਟੈਂਕੀ | 50 kg |
| ਅਲਮਾਰੀ | 70 kg |
| ਇੱਕ ਮੇਜ | 10 kg |
| ਇੱਕ ਕੁਰਸੀ | 5 kg |
| ਇੱਕ ਗੱਦਾ | 20 kg |
| ਬਾਂਸ ਦੀ ਪੌੜੀ | 10 kg |
| ਬਰਤਨ-ਭਾਂਡੇ | 10 kg |

* ਬੱਚਿਆਂ ਨੇ ਘੋੜਾ ਗੱਡੀ ਉੱਤੇ ਕੁੱਲ ਕਿੰਨਾ ਵਜ਼ਨ ਲੱਦਿਆ ਸੀ ?

ਹੁਣ ਉਹਨਾਂ ਨੇ ਸੋਚਿਆ ਕਿ ਉਹ ਕੁੱਝ ਸਮਾਨ ਹੇਠਾਂ ਉਤਾਰਨਗੇ।

* ਕਿਹੜੀਆਂ-ਕਿਹੜੀਆਂ ਚੀਜਾਂ ਗੱਡੀ ਵਿਚੋਂ ਉਤਾਰੀਆਂ ਜਾਣਗੀਆਂ ਕਿ ਲੱਦੀਆਂ ਗਈਆਂ ਕੁੱਲ ਚੀਜਾਂ ਦਾ ਵਜ਼ਨ 700kg ਤੋਂ ਜ਼ਿਆਦਾ ਨਾ ਰਹੇ ?



ਘੋੜਾਗੱਡੀ ਵਿੱਚ ਲੱਦੀਆਂ ਗਈਆਂ ਚੀਜ਼ਾਂ ਅਕਾਰ ਵਿੱਚ ਬਹੁਤ ਵੱਡੀਆਂ ਹਨ ਅਤੇ ਬਹੁਤ ਭਾਰੀਆਂ ਵੀ।ਅਜਿਹੀਆਂ ਵੱਡੀਆਂ ਅਤੇ ਭਾਰੀਆਂ ਚੀਜ਼ਾਂ ਨੂੰ ਤੋਲਣ ਦੇ ਲਈ ਸਾਨੂੰ ਵੱਡੀ ਤੱਕੜੀ ਦਾ ਜਰੂਰਤ ਹੋਵੇਗੀ।

ਹੁਣ ਜੈਜੂ ਅਤੇ ਮਨੂੰ ਆਪਣੀ ਤੱਕੜੀ ਬਣਾਉਣਾ ਚਾਹੁੰਦੇ ਹਨ। ਇਸਦੇ ਲਈ ਉਹਨਾਂ ਨੇ ਕੁੱਝ ਚੀਜ਼ਾਂ ਇੱਕਠੀਆਂ ਕੀਤੀਆਂ-ਇੱਕ ਡੰਡਾ, ਦੋ ਢੱਕਣ ਅਤੇ ਇੱਕ ਵੱਡਾ ਧਾਗਾ।ਇਹ ਉਹਨਾਂ ਦੀ ਤਕੱੜੀ ਦਾ ਚਿੱਤਰ ਹੈ–



* ਹੁਣ ਤੁਸੀਂ ਵੀ ਆਪਣੀ ਤੱਕੜੀ ਬਣਾਓ।ਇਹ ਵੀ ਲਿਖੋ ਕਿ ਤੁਸੀਂ ਉਸਨੂੰ ਕਿਵੇਂ ਬਣਾਇਆ।ਹੇਠਾਂ ਦਿੱਤੇ ਗਏ ਖਾਨੇ ਵਿੱਚ ਆਪਣੀ ਤੱਕੜੀ ਦਾ ਚਿੱਤਰ ਬਣਾਓ।

## ਕਰਕੇ ਦੇਖੋ



ਮਨੂੰ ਅਤੇ ਜੈਜ਼ੂ ਤੱਕੜੀ ਦੇ ਵੱਖ-ਵੱਖ ਪਲੜਿਆਂ ਵਿੱਚ ਪੈੱਨਸਿਲ ਅਤੇ ਜਮੈਟਰੀ ਬਾਕਸ ਰੱਖ ਦਿੰਦੇ ਹਨ। ਕਿਹੜਾ ਪਲੜਾ ਹੇਠਾਂ ਵੱਲ ਝੁਕੇਗਾ? ਕਿਉਂ? ਕੀ ਤੁਸੀਂ ਇਸ ਦਾ ਚਿੱਤਰ ਬਣਾ ਸਕਦੇ ਹੋ?





### ਕਿਹੜਾ ਭਾਰਾ ਹੈ?

- ਵੱਖ-ਵੱਖ ਚੀਜ਼ਾਂ ਦੇ ਜੋੜੇ ਬਣਾਓ ਅਤੇ ਤੋਲ ਕੇ ਦੇਖੋ ਕਿ ਕਿਹੜਾ ਭਾਰੀ ਹੈ। ਪਹਿਲਾਂ ਸੋਚੋ ਕਿ ਕਿਸ ਚੀਜ਼ ਨੂੰ ਪਲੜੇ ਵਿੱਚ ਰੱਖਣ ਨਾਲ ਉਹ ਝੁਕੇਗਾ ਅਤੇ ਫਿਰ ਆਪਣੇ ਅੰਦਾਜ਼ੇ ਦੀ ਪਰਖ ਕਰੋ।

### ਸਭ ਤੋਂ ਭਾਰਾ ਕੌਣ?

- ਤਿੰਨ-ਤਿੰਨ ਚੀਜ਼ਾਂ ਦੇ ਸਮੂਹ ਬਣਾਓ। ਜਿਵੇਂ ਰਬੜ, ਗੇਂਦ ਅਤੇ ਕਾਗਜ਼। ਤੱਕੜੀ ਦੀ ਵਰਤੋਂ ਕਰਦੇ ਹੋਏ ਚੀਜ਼ਾਂ ਨੂੰ ਉਹਨਾਂ ਦੇ ਵਜਨ ਦੇ ਹਿਸਾਬ ਨਾਲ ਲਗਾਓ -ਪਹਿਲਾਂ ਸਭ ਤੋਂ ਹਲਕੀ, ਫਿਰ ਵਿੱਚ ਵਾਲੀ ਅਤੇ ਅਖੀਰ ਵਿੱਚ ਸਭ ਤੋਂ ਭਾਰੀ ਚੀਜ਼। ਘੱਟ ਤੋਂ ਘੱਟ ਅਜਿਹੇ ਪੰਜ ਸਮੂਹ ਬਣਾਓ ਅਤੇ ਸੂਚੀ ਪੂਰੀ ਕਰੋ।

| ਸਭ ਤੋਂ ਜ਼ਿਆਦਾ ਹਲਕਾ | ਨਾ ਜ਼ਿਆਦਾ ਹਲਕਾ ਨਾ ਜ਼ਿਆਦਾ ਭਾਰਾ | ਸਭ ਤੋਂ ਜ਼ਿਆਦਾ ਭਾਰਾ |
|---|---|---|
| ਕਾਗਜ਼ | ਰਬੜ | ਗੇਂਦ |
| | | |
| | | |
| | | |
| | | |

- ਕੀ ਤੁਸੀਂ ਆਪਣਾ ਭਾਰ ਇਸ ਤੱਕੜੀ ਤੇ ਤੋਲ ਸਕਦੇ ਹੋ?

ਬੱਚਿਆਂ ਵੱਲੋਂ ਬਣਾਈ ਗਈ ਤੱਕੜੀ ਬਿਲਕੁਲ ਸਹੀ ਤਾਂ ਨਹੀਂ ਹੋਵੇਗੀ, ਪਰ ਅਜਿਹੇ ਭਾਰਾਂ ਦੀ ਤੁਲਨਾ ਕਰਨ ਲਈ ਤਾਂ ਠੀਕ ਹੋਵੇਗੀ ਜੋ ਕਿ ਇੱਕ ਦੂਜੇ ਤੋਂ ਕਾਫ਼ੀ (ਅਲੱਗ) ਵੱਖਰੇ ਹਨ।

## ਵੱਟੇ ਬਣਾਉਣਾ

ਇਸ ਗਤੀਵਿਧੀ ਨੂੰ ਜੋੜਿਆਂ ਵਿੱਚ ਕਰੋ। ਇਸਦੇ ਲਈ ਤੁਹਾਨੂੰ ਚਾਹੀਦਾ ਹੈ-ਤੱਕੜੀ, ਵੱਟੇ, ਇੱਕ ਸਾਬਣ ਦੀ ਟਿੱਕੀ, ਪਲਾਸਟਿਕ ਦੀਆਂ ਥੈਲੀਆਂ, ਰੇਤ ਅਤੇ ਰਬੜ ਬੈਂਡ। ਤੁਸੀਂ ਕਿਸੇ ਵੱਡੇ ਦੀ ਵੀ ਮਦਦ ਲੈ ਸਕਦੇ ਹੋ।

ਸਾਬਣ ਦੀ ਇੱਕ ਨਵੀਂ ਟਿੱਕੀ ਲਓ। ਸਾਬਣ ਦੀ ਟਿੱਕੀ 'ਤੇ ਉਸਦਾ ਵਜ਼ਨ ਲਿਖਿਆ ਹੁੰਦਾ ਹੈ। ਤੁਸੀਂ ਇਸ ਸਾਬਣ ਦਾ ਇਸਤੇਮਾਲ ਕਰਦੇ ਹੋਏ ਵੱਖ-ਵੱਖ ਵੱਟੇ ਬਣਾ ਸਕਦੇ ਹੋ।




ਸਾਬਣ ਦਾ ਵਜ਼ਨ __________ ਗ੍ਰਾਮ ਹੈ।

ਪਲਾਸਟਿਕ ਦਾ ਇੱਕ ਛੋਟਾ ਪੈਕੇਟ ਲਓ।

ਤੱਕੜੀ ਦੇ ਇੱਕ ਪਲੜੇ ਵਿੱਚ ਇਸ ਨੂੰ ਰੱਖੋ। ਸਾਬਣ ਦੀ ਟਿੱਕੀ ਨੂੰ ਦੂਸਰੇ ਪਲੜੇ ਵਿੱਚ ਰੱਖੋ।

ਹੌਲੀ-ਹੌਲੀ ਰੇਤ ਨੂੰ ਪਲਾਸਿਟਕ ਦੀ ਥੈਲੀ ਵਿੱਚ ਪਾਉਂਦੇ ਜਾਓ ਜਦੋਂ ਤੱਕ ਪਲੜੇ ਬਰਾਬਰ ਨਾ ਹੋ ਜਾਣ।



ਪੈਕੇਟ 'ਤੇ ਰਬੜ ਚੜ੍ਹਾ ਕੇ ਜਾਂ ਧਾਗੇ ਨਾਲ ਬੰਦ ਕਰ ਦਿਓ। ਇਸ 'ਤੇ ਕਾਗਜ਼ ਦੀ ਇੱਕ ਪੱਟੀ ਚਿਪਕਾਓ ਅਤੇ ਉਸ ਉੱਪਰ ..........ਗ੍ਰਾਮ ਲਿਖ ਦਿਓ।

ਹੁਣ ਸਾਬਣ ਦੀ ਟਿੱਕੀ ਅਤੇ ਆਪਣੇ ਵੱਟੇ ਨੂੰ ਇੱਕ ਹੀ ਪਲੜੇ ਵਿੱਚ ਰੱਖੋ।

ਦੋਨਾਂ ਦਾ ਮਿਲ ਕੇ ਕਿੰਨਾ ਵਜਨ ਹੋਇਆ? ________

ਇਸ ਤਰ੍ਹਾਂ 150 ਗ੍ਰਾਮ, 200 ਗ੍ਰਾਮ ਅਤੇ 250 ਗ੍ਰਾਮ ਦੇ ਵੱਟੇ ਬਣਾਓ। ਇਸਦੇ ਲਈ ਤੁਸੀਂ ਅਲੱਗ-ਅਲੱਗ ਵਜ਼ਨ ਦੇ ਸਾਬਣ ਦਾ ਇਸਤੇਮਾਲ ਕਰ ਸਕਦੇ ਹੋ।




ਕੁੱਝ ਵੱਡੇ ਵੱਟੇ ਵੀ ਤਿਆਰ ਕਰੋ-500 ਗ੍ਰਾਮ, 1000 ਗ੍ਰਾਮ (1 ਕਿਲੋਗ੍ਰਾਮ), 750 ਗ੍ਰਾਮ।

* ਆਪਣੇ ਬਣਾਏ ਹੋਏ ਵੱਟਿਆਂ ਨਾਲ ਅਲੱਗ-ਅਲੱਗ ਚੀਜ਼ਾਂ ਤੋਲੋ ਅਤੇ ਆਪਣੀ ਕਾਪੀ ਵਿੱਚ ਉਸਦੇ ਵਜ਼ਨ ਲਿਖੋ।

## ਅਭਿਆਸ ਦਾ ਸਮਾਂ

* ਕਿਹੜਾ ਪਲੜਾ ਹੇਠਾਂ ਝੁਕੇਗਾ ?ਤੀਰ ਦੇ ਨਿਸ਼ਾਨ ਨਾਲ ਚਿੱਤਰ ਬਣਾਕੇ ਦਿਖਾਓ।




* ਕੀ ਇਸ ਵਿਚੋਂ ਕਿਸੇ ਵੀ ਪਲੜੇ ਦਾ ਕੁੱਲ ਵਜ਼ਨ 1 ਕਿਲੋਗ੍ਰਾਮ ਹੈ ?
* ਇੱਕ ਕਿਲੋਗ੍ਰਾਮ ਵਿੱਚ ਕਿੰਨੇ ਗ੍ਰਾਮ ਹੁੰਦੇ ਹਨ ?

## ਗ੍ਰਾਮ ਅਤੇ ਕਿਲੋਗ੍ਰਾਮ


ਅਜਿਹੀਆਂ 5 ਚੀਜ਼ਾਂ ਦੇ ਨਾਂ ਲਿਖੋ ਜਿਨ੍ਹਾ ਨੂੰ ਅਸੀਂ ਖਰੀਦਦੇ ਹਾਂ।



| ਗ੍ਰਾਮਾਂ ਵਿੱਚ |
|---|
| 1. |
| 2. |
| 3. |
| 4. |
| 5. |

| ਕਿਲੋਗ੍ਰਾਮਾਂ ਵਿੱਚ |
|---|
| 1. |
| 2. |
| 3. |
| 4. |
| 5. |

## ਕਿਹੜਾ ਭਾਰਾ ਹੈ ?



## ਦਿਨਸੇਨ ਦੀ ਖਰੀਦਾਰੀ

ਦਿਨਸੇਨ ਪਰਚੂਨ ਦੀ ਦੁਕਾਨ 'ਤੇ ਗਿਆ ਅਤੇ ਉਥੋਂ ਹੇਠਾਂ ਲਿਖੀਆਂ ਚੀਜ਼ਾਂ ਖਰੀਦ ਕੇ ਲਿਆਇਆ।

ਉਸਨੇ ਬਿਲ ਵੀ ਲਿਆ ਸੀ ਪਰ ਉਸਦੇ ਛੋਟੇ ਭਰਾ ਨੇ ਉਸਨੂੰ ਉੱਥੋਂ ਪਾੜ ਦਿੱਤਾ। ਜਿੱਥੇ ਵਜ਼ਨ ਲਿਖੇ ਸੀ।ਅੰਦਾਜ਼ਾ ਲਗਾਓ ਅਤੇ ਹਰ ਚੀਜ ਦਾ ਵਜ਼ਨ ਲਿਖੋ-

※ ਗ੍ਰਾਮ ਵਿੱਚ ਜਾਂ ਕਿਲੋਗ੍ਰਾਮ ਵਿੱਚ



| ਚੀਜ਼ਾਂ | ਵਜ਼ਨ | |
|---|---|---|
| ਚਾਵਲ | 5 | |
| ਚੀਨੀ | 1 | |
| ਸਰੋਂ ਦੇ ਦਾਣੇ | 10 | |
| ਕਣਕ | 3 | |
| ਦਾਲ | 500 | |
| ਚਾਹ | 250 | |
| ਕਾਲੀ ਮਿਰਚ | 25 | |

## ਕਾਰ ਅਤੇ ਟਰੈਕਟਰ

ਰਿਤੂ ਆਪਣੇ ਖਿਡੌਣਿਆਂ ਦਾ ਵਜ਼ਨ ਕਰ ਰਹੀ ਹੈ। ਉਹ ਸੋਚ ਰਹੀ ਹੈ ਕਿ ਕੀ ਉਸਦਾ ਟਰੈਕਟਰ ਉਸਦੀ ਕਾਰ ਤੋਂ ਭਾਰੀ ਹੈ। ਤੁਸੀਂ ਜਲਦੀ ਨਾਲ ਲੱਭਣ ਵਿੱਚ ਉਸਦੀ ਮਦਦ ਕਿਵੇਂ ਕਰੋਗੇ ?




ਅੰਦਾਜ਼ਾ ਲਗਾਓ ਕਿ ਕਿਹੜੀ ਚੀਜ ਸਭ ਤੋਂ ਭਾਰੀ ਹੈ- —ਅਸਲੀ ਕਾਰ, ਬੱਸ ਜਾਂ ਟਰੈਕਟਰ ?

ਤੁਸੀਂ ਸਭ ਤੋਂ ਭਾਰੀ ਕਿਹੜੀ ਚੀਜ਼ ਦੇਖੀ ਹੈ ?

## ਹਾਥੀ ਦਾ ਵਜ਼ਨ




ਇੱਕ ਵਾਰ ਇੱਕ ਰਾਜਾ ਦੇ ਪੇਟ ਵਿੱਚ ਦਰਦ ਉੱਠਿਆ। ਮਹਿਲ ਦਾ ਕੋਈ ਵੀ ਵੈਦ ਉਸਦੇ ਦਰਦ ਦਾ ਇਲਾਜ ਨਹੀਂ ਕਰ ਸਕਿਆ।

ਤਾਂ ਰਾਜਾ ਨੇ ਕਿਹਾ-




ਇਹ ਸੁਣਕੇ ਦੇਸ਼ ਭਰ ਤੋਂ ਡਾਕਟਰ ਇੱਕਠੇ ਹੋ ਗਏ ਪਰ ਸਿਰਫ ਡਾ. ਵੈਦਿਕਾ ਹੀ ਇਲਾਜ ਕਰ ਸਕੀ।



ਪਰ ਲਾਲਚੀ ਰਾਜਾ ਉਸਨੂੰ ਇਨਾਮ ਨਹੀਂ ਦੇਣਾ ਚਾਹੁੰਦਾ ਸੀ। ਉਸਨੇ ਇੱਕ ਚਾਲ ਚੱਲੀ




ਡਾਕਟਰ ਵੈਦਿਕਾ ਜਦੋਂ ਘਰ ਪਹੁੰਚੀ ਤਾਂ ਉਹ ਬਹੁਤ ਉਦਾਸ ਸੀ। ਉਸਨੇ ਆਪਣੀ ਬੇਟੀ ਨੂੰ ਸਾਰੀ ਗੱਲ ਦਸੀ।






ਅਗਲੀ ਸਵੇਰ, ਡਾਕਟਰ ਵੈਦਿਕਾ ਨੇ ਰਾਜਾ ਨੂੰ ਨਦੀ ਦੇ ਕਿਨਾਰੇ ਬੁਲਾਇਆ। ਰਾਜਾ ਇੱਕ ਹਾਥੀ ਅਤੇ ਵੱਡੀ ਕਿਸ਼ਤੀ ਲੈ ਕੇ ਪਹੁੰਚ ਗਿਆ।



ਵੇਦਿਕਾ ਦੀ ਬੇਟੀ ਨਦੀ ਦੇ ਅੰਦਰ ਗਈ। ਉਸਨੇ ਕਿਸ਼ਤੀ 'ਤੇ ਨਿਸ਼ਾਨ ਲਾਇਆ ਕਿ ਕਿਸ਼ਤੀ ਨਦੀ ਵਿੱਚ ਕਿੰਨੀ ਡੁੱਬੀ ਹੋਈ ਹੈ।

ਤਾਂ ਉਸਨੇ ਕਿਹਾ ਕਿ ਹੁਣ ਹਾਥੀ ਨੂੰ ਕਿਸ਼ਤੀ 'ਤੇ ਚੜ੍ਹਾਓ। ਹੁਣ ਕਿਸ਼ਤੀ ਨਦੀ ਦੇ ਪਾਣੀ ਵਿੱਚ ਹੋਰ ਵੀ ਜ਼ਿਆਦਾ ਡੁੱਬ ਗਈ। ਵੇਦਿਕਾ ਦੀ ਧੀ ਨੇ ਪਾਣੀ ਦੇ ਨਵੇਂ ਪੱਧਰ 'ਤੇ ਫਿਰ ਨਿਸ਼ਾਨ ਲਗਾਇਆ।






ਹੁਣ ਸੋਚੋਂ, ਫਿਰ ਕੀ ਹੋਇਆ ਹੋਵੇਗਾ ?ਆਪਣੇ ਦੋਸਤਾਂ ਦੇ ਨਾਲ ਮਿਲਕੇ ਕਹਾਣੀ ਨੂੰ ਪੂਰਾ ਕਰੋ।ਕੀ ਵੇਦਿਕਾ ਦੀ ਧੀ ਨੂੰ ਹਾਥੀ ਦੇ ਵਜ਼ਨ ਦਾ ਪਤਾ ਚੱਲਿਆ ਹੋਵੇਗਾ ?

## ਇੱਕ ਕੁਰਸੀ ਦਾ ਵਜ਼ਨ ਕਿੰਨਾ

ਅਨਾਮਿਕਾ ਆਪਣੀ ਕੁਰਸੀ ਦਾ ਵਜ਼ਨ ਮਸ਼ੀਨ ਦੀ ਮਦਦ ਨਾਲ ਜਾਣਨਾ ਚਾਹੁੰਦੀ ਹੈ।





ਕੀ ਤੁਸੀਂ ਇਸਨੂੰ ਤੋਲਣ ਦਾ ਤਰੀਕਾ ਦੱਸ ਸਕਦੇ ਹੋ ?



## ਟੁੱਟੇ ਪੱਥਰ

ਅਬਦੂ ਬਾਲਣ ਵਾਲੀ ਲੱਕੜੀ ਵੇਚਦਾ ਹੈ। ਉਸਦੀ ਦੁਕਾਨ ਵਿੱਚ 13 ਕਿਲੋ ਦਾ ਇੱਕ ਪੱਥਰ ਸੀ। ਉਹ ਅਕਸਰ ਇਸਦੀ ਮਦਦ ਨਾਲ ਲੱਕੜੀਆਂ (ਲੱਕੜਾਂ) ਤੋਲਦਾ ਸੀ।

ਇੱਕ ਦਿਨ ਉਹ ਪੱਥਰ ਹੇਠਾਂ ਡਿੱਗਿਆ ਅਤੇ ਉਸਦੇ ਤਿੰਨ ਟੁੱਕੜੇ ਹੋ ਗਏ–2 ਕਿਲੋ, 5 ਕਿਲੋ ਅਤੇ 6 ਕਿਲੋ।




ਪਰ ਅਬਦੂ ਬਹੁਤ ਤੇਜ਼ ਨਿਕਲਿਆ।ਉਹ ਇਹਨਾਂ ਤਿੰਨ ਟੁੱਕੜਿਆਂ ਦੀ ਮਦਦ ਨਾਲ ਹੁਣ 1 ਤੋਂ 13 ਕਿਲੋ ਦੇ ਵਿੱਚ ਕਿਸੇ ਵੀ ਵਜ਼ਨ ਦੀ ਲੱਕੜ ਤੋਲ ਲੈਂਦਾ ਹੈ।

ਦੇਖੋ ਅਬਦੂ ਇੱਕ ਕਿਲੋ ਲੱਕੜ ਕਿਵੇਂ ਤੋਲ ਰਿਹਾ ਹੈ–






❖ ਕੀ ਤੁਸੀਂ ਦੱਸ ਸਕਦੇ ਹੋ ਕਿ ਤਿੰਨ ਟੁੱਕੜਿਆ ਦੀ ਮਦਦ ਨਾਲ ਅਬਦੂ ਵਜ਼ਨ ਕਿਵੇਂ ਕਰੇਗਾ-




(ੳ) 4 ਕਿਲੋ ਲੱਕੜ



(ਅ) 3 ਕਿਲੋ ਲੱਕੜ



(ੲ) 7 ਕਿਲੋ ਲੱਕੜ



## ਡਾਕਘਰ (ਡਾਕਖ਼ਾਨਾ)



ਕੀ ਤੁਸੀਂ ਕਦੀ ਡਾਕਘਰ ਗਏ ਹੋ ? ________

ਲੋਕ ਕਿਹੜੇ-ਕਿਹੜੇ ਕੰਮਾਂ ਲਈ ਡਾਕਖਾਨੇ ਜਾਂਦੇ ਹਨ ?

ਇੱਕ ਪੋਸਟਕਾਰਡ ਦਾ ਮੁੱਲ ਕੀ ਹੁੰਦਾ ਹੈ ? ________

ਇੱਕ ਅੰਤਰਦੇਸ਼ੀ ਖ਼ਤ ਦੀ ਦਾ ਮੁੱਲ ਕੀ ਹੁੰਦਾ ਹੈ ? - ________




INDIA POST

**ਡਾਕ ਦਰਾਂ**

| ਡਾਕ ਸਮੱਗਰੀ | ਡਾਕ ਦਰਾਂ (ਰੁਪਇਆਂ 'ਚ) |
|---|---|
| ਇੱਕ ਪੋਸਟ ਕਾਰਡ | 0.50 |
| ਛਪਿਆ ਹੋਇਆ ਪੋਸਟ ਕਾਰਡ | 6.00 |
| ਅੰਤਰਦੇਸ਼ੀ ਖ਼ਤ (ਪੱਤਰ) | 2.50 |
| ਪੱਤਰ ਵਜ਼ਨ ਤੋਂ | |
| (i) 20 ਗ੍ਰਾਮ ਜਾਂ ਉਸ ਤੋਂ ਘੱਟ | 5.00 |
| (ii) ਹੋਰ 20 ਗ੍ਰਾਮ ਲਈ | 2.00 |
| ਪਾਰਸਲ ਦਾ ਵਜ਼ਨ— | |
| (i) 50 ਗ੍ਰਾਮ ਅਤੇ ਉਸ ਤੋਂ ਘੱਟ | 5.00 |
| (ii) ਹੋਰ 50 ਗ੍ਰਾਮ ਦੇ ਲਈ | 3.00 |



**ਉੱਪਰ ਦਿੱਤੀ ਗਈ ਸੂਚੀ ਵਿੱਚ ਡਾਕ ਦਰਾਂ ਨੂੰ ਦੇਖੋ।**


1. ਜੇਕਰ 50 ਗ੍ਰਾਮ ਦਾ ਇੱਕ ਪੱਤਰ ਭੇਜਣਾ ਹੋਵੇ ਤਾਂ ਤੁਹਾਨੂੰ ਕਿੰਨੇ ਪੈਸੇ ਦੇਣੇ ਪੈਣਗੇ ?

   ________

2. ਆਕਾਸ਼ ਆਪਣੀ ਮਿੱਤਰ ਰਾਣੀ ਨੂੰ, ਜੋ ਕਿ ਚੈਨੰਈ ਵਿੱਚ ਰਹਿੰਦੀ ਹੈ, ਇੱਕ ਪਾਰਸਲ ਕਰਨਾ ਚਾਹੁੰਦਾ ਹੈ 'ਗਣਿਤ ਦਾ ਜਾਦੂ' ਕਿਤਾਬ ਦਾ ਵਜ਼ਨ 200 ਗ੍ਰਾਮ ਹੈ। ਉੱਪਰ ਚਾਰਟ ਨੂੰ ਦੇਖੋ ਅਤੇ ਕਿਤਾਬ ਭੇਜਣ ਦਾ ਮੁੱਲ ਪਤਾ ਕਰੋ। ________



3. ਚਿੱਤਰ ਵਿੱਚ ਦਿਖਾਇਆ ਗਿਆ ਵਜ਼ਨ ਕਿੰਨਾ ਹੈ ?ਇਸ ਵਜ਼ਨ ਦਾ ਪਾਰਸਲ ਭੇਜਣ ਦੀ ਕੀਮਤ ਪਤਾ ਕਰੋ।






ਪਾਰਸਲ ਦਾ ਵਜ਼ਨ = ______

ਡਾਕ ਟਿਕਟਾਂ ਦੀ ਕੀਮਤ = ______

## ਕਿੰਨੇ ਡਾਕ ਟਿਕਟ




ਰਾਹੁਲ ਨੂੰ ਆਪਣੇ ਪਾਰਸਲ ਲਈ 25 ਰੁਪਏ ਦੇ ਡਾਕ ਟਿਕਟ ਚਾਹੀਦੇ ਹਨ। ਉਹ ਡਾਕਖਾਨੇ ਗਿਆ। ਉਸ ਸਮੇਂ ਉੱਥੋਂ 1, 2, 5 ਅਤੇ 10 ਰੁਪਏ ਦੇ ਹੀ ਡਾਕ ਟਿਕਟ ਮਿਲ ਰਹੇ ਸਨ। ਉਹ ਕਿੰਨੇ ਵੱਖ-ਵੱਖ ਤਰੀਕਿਆਂ ਨਾਲ 25 ਰੁਪਏ ਦੇ ਟਿਕਟ ਖਰੀਦ ਸਕਦਾ ਹੈ ?

ਕੀ ਤੁਸੀਂ ਪੰਜ ਵੱਖਰੇ-ਵੱਖਰੇ ਤਰੀਕੇ ਦਸ ਸਕਦੇ ਹੋ ?25 ਰੁਪਏ ਦੇ ਡਾਕ ਟਿਕਟ ਵਿੱਚ ਤੁਸੀਂ ਜ਼ਿਆਦਾ ਤੋਂ ਜ਼ਿਆਦਾ ਕਿੰਨੇ ਵਜ਼ਨ ਦਾ ਪਾਰਸਲ ਭੇਜ ਸਕਦੇ ਹੋ ?

## ਸਾਡਾ ਵਜ਼ਨ ਇੱਕਠਿਆਂ

ਡੱਡੂ ਕਾਂ ਦੀ ਚੁੰਝ ਵਿਚੋਂ ਬਚਣ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਸੀ। ਮੈਂ ਕਿਵੇਂ ਬਚਾ? ਡੱਡੂ ਨੇ ਸੋਚਿਆ। ਅਚਾਨਕ ਉਸਨੂੰ ਇੱਕ ਤਰਤੀਬ ਸੁੱਝੀ। ਉਸਨੇ ਕਾਂ ਨੂੰ ਪੁੱਛਿਆ- ਕੀ ਤੈਨੂੰ ਗਣਿਤ ਆਉਂਦਾ ਹੈ। ਜੇਕਰ ਹਾਂ ਤਾਂ ਮੈਂ ਤੈਨੂੰ ਇੱਕ ਸਵਾਲ ਪੁੱਛਦਾ ਹਾਂ।

ਤੇਰਾ ਵਜ਼ਨ 650 ਗ੍ਰਾਮ ਹੈ ਅਤੇ ਮੈਂ ਸਿਰਫ਼ 145 ਗ੍ਰਾਮ ਦਾ ਤਾਂ ਸਾਡਾ ਦੋਵਾਂ ਦਾ ਵਜ਼ਨ ਇੱਕਠਿਆਂ ਮਿਲਾ ਕੇ ਕਿੰਨਾ ਹੋਵੇਗਾ ?



ਕਾਂ ਗਣਿਤ ਵਿੱਚ ਬਹੁਤ ਵਧੀਆ ਸੀ ਇਸ ਲਈ ਖੁਸ਼ੀ-ਖੁਸ਼ੀ ਉੱਤਰ ਦੇਣ ਲਈ ਉਸਨੇ ਚੁੰਝ ਖੋਲੀ। ਫਿਰ ਕੀ ਹੋਇਆ ?

ਕੀ ਤੁਸੀਂ ਦੱਸ ਸਕਦੇ ਹੋ ਕਿ ਕਾਂ ਦੇ ਦਿਮਾਗ ਵਿੱਚ ਕੀ ਉੱਤਰ ਹੋਵੇਗਾ ?-----ਗ੍ਰਾਮ ______

## ਮੈਂ ਠੀਕ ਹਾਂ ਜਾਂ ਮੋਟਾ ਹਾਂ ?

ਹੇਠਾਂ ਦਿੱਤੀ ਗਈ ਸੂਚੀ ਵਿਚੋਂ 6 ਤੋਂ 10 ਸਾਲ ਦੇ ਬੱਚਿਆਂ ਦੇ ਕੱਦ ਅਤੇ ਵਜ਼ਨ ਦਿਖਾਏ ਜਾਏ ਹਨ।






| ਨਾਂ | ਉਮਰ | ਉੱਚਾਈ | ਵਜ਼ਨ |
|---|---|---|---|
| ਤੇਮਸ਼ੁਲਾ | 6 | 3 ਫੁੱਟ,7 ਇੰਚ | 16 ਕਿਲੋ |
| ਸ਼ੀਕੁੰਠ | 10 | 4 ਫੁੱਟ, 3 ਇੰਚ | 23 ਕਿਲੋ |
| ਰੁਬੀਆ | 6 | 3 ਫੁੱਟ,10 ਇੰਚ | 17 ਕਿਲੋ |
| ਵਿਨੀਤ | 8 | 3 ਫੁੱਟ,11 ਇੰਚ | 19.5 ਕਿਲੋ |
| ਕਵਿਤਾ | 9 | 3 ਫੁੱਟ, 13 ਇੰਚ | 20 ਕਿਲੋ |

ਹੁਣ ਆਪਣੇ ਪੰਜ ਦੋਸਤਾਂ ਦੀ ਉਮਰ, ਕੱਦ ਅਤੇ ਵਜ਼ਨ ਪਤਾ ਕਰੋ ਅਤੇ ਹੇਠਾਂ ਦਿੱਤੀ ਗਈ ਸਾਰਣੀ ਵਿੱਚ ਭਰੋ।


| ਨਾਂ | ਉਮਰ | ਉਚਾਈ | ਵਜ਼ਨ |
|---|---|---|---|
| | | | |
| | | | |
| | | | |
| | | | |
| | | | |





## ਕਿੰਨੇ ਸੰਤਰੇ ?

ਸਾਰੇ ਸੰਤਰਿਆਂ ਦਾ ਵਜ਼ਨ ਬਰਾਬਰ ਹੈ। ਦੋ ਪਪੀਤੇ ਵੀ ਇੱਕ ਹੀ ਵਜ਼ਨ ਦੇ ਹਨ ਪਹਿਲੀ ਅਤੇ ਦੂਸਰੀ ਤੱਕੜੀ 'ਤੇ ਵਜ਼ਨ ਬਰਾਬਰ ਹੈ।

ਕਿੰਨੇ ਸੰਤਰਿਆਂ ਦੀ ਜ਼ਰੂਰਤ ਪਵੇਗੀ ਤੀਸਰੀ ਤੱਕੜੀ ਨੂੰ ਬਰਾਬਰ ਕਰਨ ਦੇ ਲਈ ?







ਕਿੰਨੇ ਸੰਤਰੇ ਹੋਣਗੇ ?


## ਕਿਹੜਾ ਬੰਟਾ ?

ਇੱਕ ਹੀ ਆਕਾਰ ਦੇ 3 ਬੰਟੇ ਹਨ, ਪਰ ਇੱਕ ਬੰਟਾ ਬਾਕੀ ਦੋਵਾਂ ਤੋਂ ਥੋੜਾ ਜਿਹਾ ਹਲਕਾ ਜਾਂ ਭਾਰਾ ਹੈ। ਕੀ ਤੁਸੀਂ ਪਤਾ ਲਗਾ ਸਕਦੇ ਹੋ ਕਿ ਉਹ ਬੰਟਾ ਕਿਹੜਾ ਹੈ ਅਤੇ ਉਹ ਦੋਵਾਂ ਤੋਂ ਹਲਕਾ ਹੈ ਕਿ ਭਾਰਾ ਹੈ ?ਇਹ ਪਤਾ ਲਗਾਉਣ ਲਈ ਤੁਸੀਂ ਤੱਕੜੀ ਦਾ ਇਸਤੇਮਾਲ ਸਿਰਫ਼ ਦੋ ਵਾਰੀ ਕਰ ਸਕਦੇ ਹੋ।




# 13 ਖੇਤ ਅਤੇ ਵਾੜ

ਰਹਿਮਤ ਇੱਕ ਕਿਸਾਨ ਹੈ। ਉਹ ਆਪਣੇ ਖੇਤ ਵਿੱਚ ਕਣਕ ਉਗਾਉਣ ਦੇ ਲਈ ਖੇਤ ਤਿਆਰ ਕਰ ਰਿਹਾ ਹੈ।




ਰਹਿਮਤ ਪਤਾ ਕਰਨਾ ਚਾਹੁੰਦਾ ਹੈ ਕਿ ਚਾਰੇ ਪਾਸਿਆਂ ਤੋਂ ਖੇਤ ਦੇ ਘੇਰੇ ਦੀ ਲੰਬਾਈ ਕਿੰਨੀ ਹੈ।ਕੀ ਤੁਸੀਂ ਇਸ ਚਿੱਤਰ ਤੋਂ ਇਹ ਪਤਾ ਕਰ ਸਕਦੇ ਹੋ ?ਹਰ ਪਾਸੇ ਦੀ ਲੰਬਾਈ ਉਸਦੇ ਕੋਲ ਲਿਖੀ ਹੋਈ ਹੈ।










ਰਹਿਮਤ ਨੇ ਵਾੜ ਦੇ ਲਈ 70 ਮੀਟਰ ਤਾਰ ਖਰੀਦੀ।




ਰਹਿਮਤ ਨੇ ਗਣਪਤ ਨੂੰ ਕਿੰਨੀ ਤਾਰ ਦਿੱਤੀ? ________




ਗਣਪਤ ਨੇ ਰਹਿਮਤ ਨੂੰ ਧੰਨਵਾਦ ਦਿੱਤਾ ਅਤੇ ਆਪਣੇ ਖੇਤ ਦੇ ਆਲੇ-ਦੁਆਲੇ ਵਾੜ ਲਗਾਉਣੀ ਸ਼ੁਰੂ ਕਰ ਦਿੱਤੀ। ਪਰ ਉਸਨੂੰ ਹੋਰ ਤਾਰ ਦੀ ਜ਼ਰੂਰਤ ਸੀ।

- ਗਣਪਤ ਦੇ ਖੇਤ ਦੇ ਘੇਰੇ ਦੀ ਕੁੱਲ ਲੰਬਾਈ ਕਿੰਨੀ ਹੈ? ________
- ਗਣਪਤ ਨੂੰ ਆਪਣੇ ਖੇਤ ਲਈ ਹੋਰ ਕਿੰਨੀ ਤਾਰ ਚਾਹੀਦੀ ਹੈ? ________

## ਅਭਿਆਸ ਦਾ ਸਮਾਂ

1. ਇੱਥੇ ਕੁੱਝ ਹੋਰ ਖੇਤਾਂ ਦੇ ਚਿੱਤਰ ਦਿੱਤੇ ਗਏ ਹਨ।ਪਤਾ ਕਰੋ ਕਿ ਕਿਸਦਾ ਸਭ ਤੋਂ ਲੰਬਾ ਘੇਰਾ ਹੈ ?

(ੳ)




ਘੇਰਾ = __________ ਮੀਟਰ

(ਅ)




ਘੇਰਾ = __________ ਮੀਟਰ

(ੲ)





ਘੇਰਾ = __________ ਮੀਟਰ

(ਸ)




ਘੇਰਾ = __________ ਮੀਟਰ




2. ਚੰਦੂ ਦੇ ਪਿਤਾ ਜੀ ਆਪਣੇ ਪਿੰਡ ਵਿੱਚ ਜਵਾਨ ਕਹਾਉਂਦੇ ਹਨ। 70 ਸਾਲਾਂ ਦੀ ਉਮਰ ਵਿੱਚ ਵੀ ਉਹ ਸਿਹਤਮੰਦ ਹਨ। ਕੀ ਤੁਸੀਂ ਉਹਨਾਂ ਦੀ ਚੰਗੀ ਸਿਹਤ ਦਾ ਰਾਜ ਜਾਣਦੇ ਹੋ। ਉਹ ਰੋਜ਼ ਸਵੇਰੇ ਸੈਰ ਕਰਨ ਚੰਦੂ ਦੇ ਖੇਤ 'ਤੇ ਜਾਂਦੇ ਹਨ ਅਤੇ ਖੇਤ ਦੇ ਚਾਰੇ ਪਾਸੇ 4 ਚੱਕਰ ਲਾਉਂਦੇ ਹਨ। ਉਹ ਕੁੱਲ ਮਿਲਾ ਕੇ ਕਿੰਨੀ ਦੂਰੀ ਤੈਅ ਕਰਦੇ ਹਨ ?

- 4 × ______ = ______ ਮੀਟਰ

  = ______ ਕਿਲੋਮੀਟਰ

3. ਗਣਪਤ ਦੀ ਪਤਨੀ ਦਰਜੀ ਦੀ ਦੁਕਾਨ 'ਤੇ ਕੰਮ ਕਰਦੀ ਹੈ। ਉਸਨੂੰ ਮੇਜਪੋਸ਼ ਦੇ ਚਾਰੇ ਪਾਸੇ 'ਲੈਸ' ਲਾਉਣੀ ਹੁੰਦੀ ਹੈ।

ਉਸਨੇ 100 ਮੀਟਰ ਲੈਸ ਖਰੀਦੀ।

- ਹੇਠਾਂ ਦਿੱਤੇ ਗਏ ਮੇਜਪੋਸ਼ ਦਾ ਚਿੱਤਰ ਦੇਖੋ ਅਤੇ ਇਹ ਦੱਸੋ ਕਿ ਇੱਕ ਮੇਜਪੋਸ਼ ਦੇ ਲਈ ਕਿੰਨੀ ਲੇਸ ਦੀ ਜ਼ਰੂਰਤ ਪਵੇਗੀ ?______________







- ਤਿੰਨ ਮੇਜਪੋਸ਼ਾਂ ਦੇ ਲਈ ਕਿੰਨੀ ਲੈਸ ਦੀ ਜ਼ਰੂਰਤ ਪਵੇਗੀ ?__________
- ਬੰਡਲ ਵਿੱਚ ਕਿੰਨੀ ਲੈਸ ਬਚੀ ਹੋਵੇਗੀ ?__________

## ਆਪ ਕਰਕੇ ਦੇਖੋ

1. ਹੇਠਾਂ ਦਿੱਤਿਆਂ ਗਈਆਂ ਅਲੱਗ-ਅਲੱਗ ਆਕ੍ਰਿਤੀਆਂ ਦੇ ਘੇਰੇ ਦੀ ਲੰਬਾਈ ਪਤਾ ਲਗਾਓ।(ਸੰਕੇਤ–ਤੁਸੀਂ ਧਾਗੇ ਦਾ ਪ੍ਰਯੋਗ ਕਰ ਸਕਦੇ ਹੋ)




ਖਾਨਾ ਗਿਣੋ ਅਤੇ ਪਤਾ ਲਗਾਓ

- ਹਰ ਇੱਕ ਆਕ੍ਰਿਤੀ ਵਿੱਚ ਕਿੰਨੇ ਖਾਨੇ ਹਨ ?
- ਕਿਸ ਆਕ੍ਰਿਤੀ ਵਿੱਚ ਸਭ ਤੋਂ ਘੱਟ ਖਾਨੇ ਹੋਣਗੇ ?
- ਕਿਹੜੀ ਆਕ੍ਰਿਤੀ ਵਿੱਚ ਸਭ ਤੋਂ ਜ਼ਿਆਦਾ ਖਾਨੇ ਹੋਣਗੇ ?

2. 20cm ਲੰਬਾ ਧਾਗਾ ਲਓ। ਉਸਦੇ ਧਿਰਿਆਂ ਨੂੰ ਜੋੜਦੇ ਹੋਏ ਅਲੱਗ-ਅਲੱਗ ਆਕ੍ਰਿਤੀਆਂ ਬਣਾਓ।ਇਸ ਨੂੰ ਅਗਲੇ ਪੰਨੇ 'ਤੇ ਬਣੇ ਚਕੌਰ ਖਾਨਿਆਂ 'ਤੇ ਕਰੋ।


- ਹਰ ਆਕ੍ਰਿਤੀ ਵਿੱਚ ਕਿੰਨੇ ਖਾਨੇ ਹਨ ?
- ਸਭ ਤੋਂ ਵੱਡੀ ਆਕ੍ਰਿਤੀ ਕਿਹੜੀ ਹੈ ?
- ਸਭ ਤੋਂ ਛੋਟੀ ਆਕ੍ਰਿਤੀ ਕਿਹੜੀ ਹੈ ?
- ਹਰ ਇੱਕ ਆਕ੍ਰਿਤੀ ਦਾ ਘੇਰਾ ਕਿੰਨਾ ਹੈ ?



ਬੱਚਿਆ ਨੂੰ ਕਹਿ ਸਕਦੇ ਹਾਂ ਕਿ ਅੱਧੇ ਤੋਂ ਘੱਟ ਘਿਰਿਆ ਖਾਨਾ ਨਾ ਗਿਣਨ ਅਤੇ ਅੱਧੇ ਤੋਂ ਜ਼ਿਆਦਾ ਘਿਰਿਆ ਖਾਨਾ ਇੱਕ ਮੰਨ ਲੈਣ।ਅੱਗੇ ਚਲ ਕੇ ਇਹ ਸਮਝ ਉਹਨਾਂ ਨੂੰ ਸੰਖਿਆਵਾਂ ਦੇ 'ਲਗਭਗ ਨੇੜੇ' (rounding off) ਵਿੱਚ ਮਦਦ ਕਰੇਗਾ।

3. ਦੋ ਵਰਗਾਂ ਨੂੰ ਜੋੜ ਕੇ ਤੁਸੀਂ ਕਿੰਨੀਆਂ ਅਲੱਗ-ਅਲੱਗ ਆਕ੍ਰਿਤੀਆਂ ਬਣਾ ਸਕਦੇ ਹੋ ?ਹੇਠਾਂ ਦਿੱਤੇ ਗਏ ਚਕੋਰ ਖਾਨਿਆਂ 'ਤੇ ਦਰਸਾਓ। ਹਰ ਇਕ ਆਕ੍ਰਿਤੀ ਦਾ ਘੇਰਾ ਕਿੰਨਾ ਹੈ ?






ਇਸ ਗਤੀਵਿਧੀ ਨੂੰ ਤਿੰਨ ਵਰਗਾਂ ਦੇ ਨਾਲ ਵੀ ਭਰੋ।

## ਅਭਿਆਸ ਦਾ ਸਮਾਂ

1. ਇੱਕ ਵਰਗ ਦਾ ਘੇਰਾ 12ਸਮ ਹੈ।

(ਕ) ਇਸ ਵਰਗ ਦੇ ਇੱਕ ਕੋਨੇ ਤੋਂ 1ਸਮ ਦਾ ਛੋਟਾ ਵਰਗ ਕੱਟ ਦਿੱਤਾ ਗਿਆ ਹੈ। ਆਕ੍ਰਿਤੀ (ਖ) ਦਾ ਘੇਰਾ ਜ਼ਿਆਦਾ ਹੋਵੇਗਾ ਜਾਂ ਘੱਟ? ਉਸਦੀ ਲੰਬਾਈ ਪਤਾ ਲਗਾਓ।


(ਖ) ਜੇਕਰ 1ਸਮ ਦਾ ਵਰਗ ਕੱਟ ਦਿਓ ਤਾਂ ਕਿ ਆਕ੍ਰਿਤੀ ਗ ਬਣ ਜਾਏ ਤਾਂ ਗ ਦਾ ਘੇਰਾ ਕਿੰਨਾ ਹੋਵੇਗਾ?




2. (ਕ) ਹੇਠਾਂ ਦਿੱਤੇ ਗਏ ਵਰਗ ਘ ਦੇ ਘੇਰੇ ਦੀ ਲੰਬਾਈ ਪਤਾ ਕਰੋ।

(ਖ) ਵਰਗ ਘ ਵਿੱਚੋਂ 1ਸਮ ਦੇ ਅੱਠ ਵਰਗ ਕੱਟ ਦਿੱਤੇ ਗਏ। ਇਸ ਤੋਂ ਨਵੀਂ ਆਕ੍ਰਿਤੀ ਘ ਬਣ ਗਈ। ਆਕ੍ਰਿਤੀ ਘ ਦੇ ਘੇਰੇ ਦੀ ਲੰਬਾਈ ਕਿੰਨੀ ਹੋਵੇਗੀ?










(ਗ) ਇਸ ਵਰਗ ਦੇ ਘੇਰੇ ਦੀ ਲੰਬਾਈ ਹੈ __ + __ + __ + __

ਕੀ ਅਸੀਂ ਕਹਿ ਸਕਦੇ ਹਾਂ ਕਿ ਵਰਗ ਦੇ ਘੇਰੇ ਦੀ ਲੰਬਾਈ 4×1ਸਮ ਹੈ?


3. ਇੱਕ ਹਾਕੀ ਦਾ ਮੈਦਾਨ 91 ਮੀਟਰ 40 ਸੈਂਟੀਮੀਟਰ ਲੰਬਾ ਅਤੇ 55 ਮੀਟਰ ਚੌੜਾ ਹੈ। ਮੈਦਾਨ ਦੇ ਘੇਰੇ ਦੀ ਲੰਬਾਈ ਪਤਾ ਕਰੋ ?

4. ਊਸ਼ਾ ਅਤੇ ਰਮਾ ਦੌੜ ਲਗਾ ਰਹੀਆਂ ਹਨ। ਊਸ਼ਾ ਵਿਚਲੇ ਚੱਕਰ ਵਿੱਚ ਦੌੜ ਰਹੀ ਹੈ ਰਮਾ ਬਾਹਰੀ ਚੱਕਰ ਵਿੱਚ ਦੌੜ ਰਹੀ ਹੈ।



ਰਮਾ ਊਸ਼ਾ ਤੋਂ ਤੇਜ਼ ਦੌੜਦੀ ਹੈ ਪਰ ਫਿਰ ਵੀ ਦੌੜ ਹਾਰ ਜਾਂਦੀ ਹੈ। ਕੀ ਤੁਸੀਂ ਦਸ ਸਕਦੇ ਹੋ, ਕਿਉਂ ?


____________________



ਕੀ ਤੁਸੀਂ ਕੋਈ ਅਜਿਹੀ ਰੇਸ ਦੇਖੀ ਹੈ ਜਿੱਥੇ ਦੌੜਨ ਵਾਲੇ ਵੱਖਰੀ-ਵੱਖਰੀ ਜਗ੍ਹਾ ਤੋਂ ਸ਼ੁਰੂ ਕਰਦੇ ਹੋਣ-ਜਿਵੇਂ ਕਿ ਇਸ ਚਿੱਤਰ ਵਿੱਚ ਦਿਖਾਇਆ ਗਿਆ ਹੈ। ਸੋਚੋ, ਅਜਿਹਾ ਕਿਉਂ ਹੁੰਦਾ ਹੈ ?

## ਸਕੂਲ ਦਾ ਬਗੀਚਾ

ਜਮਾਤ 3 ਅਤੇ ਜਮਾਤ 4 ਦੇ ਵਿਦਿਆਰਥੀਆਂ ਨੇ ਸੋਚਿਆ ਕਿ ਬਗੀਚੇ ਵਿੱਚ ਕੁੱਝ ਸਬਜ਼ੀਆਂ ਉਗਾਈਆਂ ਜਾਣ।ਉਹਨਾਂ ਨੇ ਇੱਕ ਜਗ੍ਹਾ ਦੀ ਚੋਣ ਕੀਤੀ ਜੋ ਕਿ ਹੇਠਾਂ ਦਿੱਤੇ ਚਿੱਤਰ ਵਰਗੀ ਲਗਦੀ ਸੀ।




ਦੋਵਾਂ ਹੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਲੱਗਿਆ ਕਿ 'ਬਗੀਚਾ 1' ਵੱਡਾ ਸੀ। ਇਸ ਲਈ ਦੋਵੇਂ ਹੀ 'ਬਗੀਚਾ 1' ਲੈਣਾ ਚਾਹੁੰਦੇ ਸੀ।ਅਚਾਨਕ ਨੀਤੂ ਨੇ ਕਿਹਾ




- ਨੀਤੂ ਇਹ ਕਿਵੇਂ ਪਤਾ ਲਗਾਵੇ ਕਿ ਦੋਵੇਂ ਬਗੀਚਿਆਂ ਵਿੱਚ ਬਰਾਬਰ ਜਗ੍ਹਾ ਹੈ ਕਿ ਨਹੀਂ?

## ਚਲੋ ਕੁੱਝ ਕਰਕੇ ਦੇਖੀਏ



1. ਆਪਣੀ ਜਮਾਤ ਵਿੱਚ ਰੱਖੇ ਮੇਜ਼ ਨੂੰ ਦੇਖੋ। ਸੋਚੋ ਕਿ ਉਸ ਉੱਪਰ ਕਿੰਨੀਆਂ ਗਣਿਤ ਦੀਆਂ ਕਿਤਾਬਾਂ ਰੱਖੀਆਂ ਜਾ ਸਕਦੀਆਂ ਹਨ ?

   (ਯਾਦ ਰਹੇ ਕਿ ਕਿਤਾਬਾਂ ਇੱਕ ਦੂਸਰੇ ਦੇ ਉੱਤੇ ਨਾ ਰੱਖੀਆਂ ਹੋਣ ਅਤੇ ਕਿਤਾਬਾਂ ਦੇ ਵਿੱਚ ਜਗ੍ਹਾ ਵੀ ਨਾ ਬਚੇ।)

   ਆਪਣਾ ਅੰਦਾਜ਼ਾ ਇੱਥੇ ਲਿਖੋ __________

   ਹੁਣ ਆਪਣੇ ਅੰਦਾਜ਼ੇ ਦੀ ਪਰਖ ਕਰੋ। ਤੁਸੀਂ ਕਿੰਨੀਆਂ ਕਿਤਾਬਾਂ ਰੱਖ ਸਕੇ ?__________

   ਤੁਹਾਡੇ ਅੰਦਾਜ਼ੇ ਵਿੱਚ ਅਤੇ ਕਿਤਾਬਾਂ ਦੀ ਸਹੀ ਸੰਖਿਆ ਵਿੱਚ ਕਿੰਨਾ ਅੰਤਰ ਹੈ ?__________

2. ਇੱਕ ਹੋਰ ਮੇਜ਼ ਲੱਭੋ।

   (ੳ) ਕੀ ਇਹ ਮੇਜ਼ ਪਿਛਲੇ ਮੇਜ਼ ਤੋਂ ਵੱਡਾ ਹੈ ? ਹਾਂ \ ਨਹੀਂ

   (ਅ) ਅੰਦਾਜ਼ਾ ਲਗਾਓ ਕਿ ਇਸ ਮੇਜ਼ 'ਤੇ ਗਣਿਤ ਦੀਆਂ ਕਿੰਨੀਆਂ ਕਿਤਾਬਾਂ ਆ ਸਕਦੀਆਂ ਹਨ __________

   (ੲ) ਆਪਣੇ ਉੱਤਰ ਦੀ ਪਰਖ ਕਰੋ। ਤੁਸੀਂ ਗਣਿਤ ਦੀਆਂ ਕਿੰਨੀਆਂ ਕਿਤਾਬਾਂ ਰੱਖ ਸਕੇ ? __________

   (ਸ) ਦੋਵਾਂ ਮੇਜ਼ਾਂ ਦੇ ਆਕਾਰਾਂ ਵਿੱਚ ਅੰਤਰ ਹੈ __________ ਕਿਤਾਬਾਂ


3. (ੳ) ਗਣਿਤ ਦੀਆਂ ਕਿੰਨੀਆਂ ਕਿਤਾਬਾਂ ਨੂੰ ਅਖ਼ਬਾਰ ਦੇ ਇੱਕ ਪੰਨੇ ਨਾਲ ਢੱਕ ਸਕਦੇ ਹੋ ?__________ ਕਿਤਾਬਾਂ

   (ਅ) ਹੁਣ ਤੁਸੀਂ ਗਣਿਤ ਦੀ ਕਿਤਾਬ ਨੂੰ ਅਖ਼ਬਾਰ ਦੇ ਅੱਧੇ ਪੰਨੇ ਨਾਲ ਢੱਕਣ ਦੀ ਕਿਤਾਬਾਂ ਕੋਸ਼ਿਸ਼ ਕਰੋ।

   (ੲ) ਕੀ ਤੁਸੀਂ ਆਪਣੀ ਕਿਤਾਬ ਨੂੰ ਇਸ ਤੋਂ ਛੋਟੇ ਕਾਗਜ਼ ਨਾਲ ਢੱਕ ਸਕਦੇ ਹੋ ?

(ਸ) ਉਹ ਸਭ ਤੋਂ ਛੋਟਾ ਕਾਗਜ਼ ਲੱਭੋ ਜਿਸ ਨਾਲ ਤੁਸੀਂ ਆਪਣੀ ਕਿਤਾਬ ਨੂੰ ਢੱਕ ਸਕਦੇ ਹੋ। ਪਤਾ ਕਰੋ ਕਿ ਕੀ ਤੁਹਾਡੇ ਦੋਸਤ ਨੇ ਤੁਹਾਡੇ ਤੋਂ ਛੋਟਾ ਕਾਗਜ਼ ਵਰਤਿਆ ਹੈ।

4. (ੳ) ਇਸ ਚਿੱਤਰ ਵਿੱਚ ਸਭ ਤੋਂ ਵੱਡਾ ਪੱਤਾ ਕਿਹੜਾ ਹੈ ?




(ਅ) ਬਗੀਚੇ ਵਿੱਚੋਂ ਕੁੱਝ ਪੱਤੇ ਇੱਕਠੇ ਕਰੋ। ਹਰ ਇੱਕ ਨੂੰ ਇਸ ਚੌਖਾਨੇ ਵਾਲੇ ਕਾਗਜ਼ 'ਤੇ ਰੱਖੋ। ਉਹਨਾਂ ਦੇ ਕਿਨਾਰਿਆਂ ਦਾ ਘੇਰਾ ਬਣਾਓ ਅਤੇ ਪਤਾ ਕਰੋ ਕਿ ਹਰ ਇੱਕ ਪੱਤੇ ਵਿੱਚ ਕਿੰਨੇ ਖਾਨੇ ਹਨ।

(ੲ) ਸਭ ਤੋਂ ਵੱਡਾ ਪੱਤਾ ਕਿਹੜਾ ਹੈ ?


(ਸ) ਸਭ ਤੋਂ ਛੋਟਾ ਪੱਤਾ ਕਿਹੜਾ ਹੈ ?

5. (ੳ) ਇਸ ਹਰੇ ਰੰਗ ਦੇ ਵੱਡੇ ਵਰਗ ਵਿੱਚ 1 ਸੈਂਟੀਮੀਟਰ ਵਾਲੇ ਕਿੰਨੇ ਛੋਟੇ ਵਰਗ ਹਨ ?

(ਅ) ਕੀ ਤੁਸੀਂ ਵਰਗਾਂ ਨੂੰ ਗਿਣੇ ਬਿਨਾਂ ਉਹਨਾਂ ਦੀ ਸੰਖਿਆ ਜਲਦੀ ਨਾਲ ਪਤਾ ਕਰਨ ਦਾ ਤਰੀਕਾ ਸੋਚ ਸਕਦੇ ਹੋ ?



6. ਅੰਦਾਜਾ ਲਗਾਓ ਕਿ 1 ਸੈਂਟੀਮੀਟਰ ਵਾਲੇ ਕਿੰਨੇ ਵਰਗਾਂ ਨਾਲ ਭਰੀ ਜਾਏਗੀ ?






ਆਪਣਾ ਅੰਦਾਜ਼ਾ ਇੱਥੇ ਲਿਖੋ ______

ਹੁਣ ਇਸ ਆਇਤ ਨੂੰ ਛੋਟੇ ਵਰਗਾਂ ਨਾਲ ਭਰ ਕੇ ਆਪਣੇ ਅੰਦਾਜ਼ੇ ਦੀ ਪਰਖ ਕਰੋ।

7. ਇਸ ਚਿੱਤਰ ਨੂੰ ਦੇਖੋ।ਕੀ ਤੁਸੀਂ ਇਸਨੂੰ ਚਾਰ ਬਰਾਬਰ ਹਿੱਸਿਆਂ ਵਿੱਚ ਵੰਡ ਸਕਦੇ ਹੋ ? ਹਰ ਹਿੱਸੇ ਵਿੱਚ ਵਰਗਾਂ ਦੀ ਸੰਖਿਆ ਬਰਾਬਰ ਹੋਣੀ ਚਾਹੀਦੀ ਹੈ।






**ਬੁਝਾਰਤ-ਘਰ ਅਤੇ ਖੂਹ**

ਰਾਘਵਨ ਦੇ ਕੋਲ ਜਮੀਨ ਦਾ ਇੱਕ ਟੁੱਕੜਾ ਹੈ।

ਇਸ ਜ਼ਮੀਨ 'ਤੇ ਚਾਰ ਘਰ ਹਨ ਅਤੇ ਵਿਚਕਾਰ ਇੱਕ ਖੂਹ ਹੈ। ਉਹ ਇਸ ਜਮੀਨ ਨੂੰ ਆਪਣੇ ਚਾਰ ਬੱਚਿਆਂ ਵਿੱਚ ਬਰਾਬਰ ਵੰਡਣਾ ਚਾਹੁੰਦਾ ਹੈ। ਹਰ ਇੱਕ ਨੂੰ ਇੱਕ ਘਰ ਮਿਲਣਾ ਚਾਹੀਦਾ ਹੈ ਅਤੇ ਸਭ ਦੂਸਰੇ ਦੇ ਹਿੱਸੇ ਵਿੱਚ ਜਾਏ ਬਿਨਾਂ ਖੂਹ ਦੀ ਵਰਤੋਂ ਕਰ ਸਕਣ।

ਕੀ ਤੁਸੀਂ ਜ਼ਮੀਨ ਨੂੰ ਵੰਡਣ ਵਿੱਚ ਉਸਦੀ ਮਦਦ ਕਰ ਸਕਦੇ ਹੋ ?

ਹਰੇਕ ਹਿੱਸੇ ਵਿੱਚ ਅਲੱਗ-ਅਲੱਗ ਰੰਗ ਭਰੋ।



# 14 ਸਮਾਰਟ ਚਾਰਟ

## ਕਿੰਨੇ ਘੰਟੇ ?

ਸਾਨੂੰ ਸਭ ਨੂੰ ਟੈਲੀਵਿਜ਼ਨ (ਟੀ.ਵੀ) ਦੇਖਣਾ ਅਤੇ ਰੇਡੀਓ ਸੁਣਨਾ ਵਧੀਆ ਲੱਗਦਾ ਹੈ।



ਕੀ ਤੁਸੀ ਜਾਣਦੇ ਹੋ ਕਿ ਅਸੀਂ ਇਸ ਵਿੱਚ ਕਿੰਨਾ ਸਮਾਂ ਬਤੀਤ ਕਰਦੇ ਹਾਂ ?

- ਕਾਪੀ ਵਿੱਚ ਇੱਕ ਹਫ਼ਤੇ ਤੱਕ ਲਿਖੋ ਕਿ ਰੋਜ਼ ਤੁਸੀ ਕਿੰਨੀ ਦੇਰ ਟੀ.ਵੀ. ਦੇਖਦੇ ਹੋ ਜਾਂ ਰੇਡੀਓ ਸੁਣਦੇ ਹੋ। ਇੱਕ ਹਫ਼ਤੇ ਵਿੱਚ ਟੀ.ਵੀ ਦੇਖਣ ਜਾਂ ਰੇਡੀਓ ਸੁਣਨ ਵਿੱਚ ________ ਘੰਟੇ ਲੱਗੇ।

ਇਸ ਤਰ੍ਹਾਂ ਇੱਕ ਮਹੀਨੇ ਵਿੱਚ ਤੁਹਾਡੇ ਲਗਭਗ 30 × ___ = _____ ਘੰਟੇ ਲੱਗੇ।

- ਆਪਣੇ ਦੋਸਤਾਂ ਤੋਂ ਵੀ ਇਸ ਹਫ਼ਤੇ ਵਿੱਚ ਬਤੀਤ ਕੀਤਾ ਗਿਆ ਸਮਾਂ ਪੁੱਛੋ ਅਤੇ ਸਾਰਣੀ ਪੂਰੀ ਕਰੋ।

| ਇੱਕ ਹਫ਼ਤੇ ਵਿੱਚ ਟੀ.ਵੀ ਦੇਖਣ ਜਾਂ ਰੇਡੀਓ ਸੁਣਨ ਵਿੱਚ ਲਗਾਇਆ ਗਿਆ ਸਮਾਂ | ਬੱਚਿਆਂ ਦੀ ਸੰਖਿਆ |
|---|---|
| ਛੇ ਘੰਟਿਆਂ ਤੋਂ ਵੱਧ | |
| ਛੇ ਘੰਟੇ | |
| ਪੰਜ ਘੰਟੇ | |
| ਚਾਰ ਘੰਟੇ | |
| ਤਿੰਨ ਘੰਟੇ | |
| ਦੋ ਘੰਟੇ | |
| ਇੱਕ ਘੰਟਾ | |
| 0 ਘੰਟਾ ਜਾਂ ਨਹੀਂ ਦੇਖਣ ਵਾਲਾ | |



### ਸੂਚੀ ਤੋਂ ਪਤਾ ਕਰੋ

ਟੀ.ਵੀ. ਦੇਖਣ/ਰੇਡੀਓ ਸੁਣਨ ਵਿੱਚ----

- ________ ਬੱਚੇ ਇੱਕ ਹਫ਼ਤੇ ਵਿੱਚ 6 ਘੰਟੇ ਤੋਂ ਜ਼ਿਆਦਾ ਸਮਾਂ ਬਤੀਤ ਕਰਦੇ ਹਨ।
- ________ ਬੱਚੇ ਬਿਲਕੁਲ ਵੀ ਸਮਾਂ ਬਤੀਤ ਨਹੀਂ ਕਰਦੇ
- ਜ਼ਿਆਦਾਤਰ ਬੱਚੇ ਇੱਕ ਹਫ਼ਤੇ ਵਿੱਚ ______ ਘੰਟੇ ਬਤੀਤ ਕਰਦੇ ਹਨ।
- ________ ਬੱਚੇ 3 ਘੰਟਿਆਂ ਤੋਂ ਜ਼ਿਆਦਾ ਸਮਾਂ ਬਤੀਤ ਕਰਦੇ ਹਨ।

### ਕਿਹੜਾ ਪ੍ਰੋਗਰਾਮ

ਟੀ.ਵੀ ਜਾਂ ਰੇਡੀਓ 'ਤੇ ਵੱਖਰੀ-ਵੱਖਰੀ ਤਰਾਂ ਦੇ ਪ੍ਰੋਗਰਾਮ ਜਿਵੇਂ ਕਾਰਟੂਨ, ਖਬਰਾਂ, ਖੇਡ, ਸੰਗੀਤ, ਨਾਟਕ, ਲੜੀਵਾਰ ਆਦਿ ਆਉਂਦੇ ਹਨ। ਜੂਹੀ ਦੇ ਪਿਤਾ ਜੀ ਨੂੰ ਲੜੀਵਾਰ ਦੇਖਣਾ ਪਸੰਦ ਹੈ।ਉਸਦੀ ਮਾਤਾ ਜੀ ਖੇਡ ਦੇਖਣਾ ਪਸੰਦ ਕਰਦੀ ਹੈ।ਜੂਹੀ ਨੂੰ ਖ਼ਬਰਾਂ ਸੰਬੰਧੀ ਪ੍ਰੋਗਰਾਮ ਪਸੰਦ ਹਨ।

(1) ਆਪਣੇ ਘਰ ਦੇ ਲੋਕਾਂ ਨੂੰ ਕਹੋ ਕਿ ਉਹ ਇੱਕ ਪ੍ਰੋਗਰਾਮ ਦੱਸਣ ਜੋ ਉਹਨਾਂ ਨੂੰ ਪਸੰਦ ਹੈ ਅਤੇ ਇੱਕ ਪ੍ਰੋਗਰਾਮ ਜੋ ਉਹਨਾਂ ਨੂੰ ਨਾਪਸੰਦ ਹੈ।

| ਪਰਿਵਾਰ ਦੇ ਮੈਂਬਰ | ਪਸੰਦੀ ਦਾ ਪ੍ਰੋਗਰਾਮ | ਨਾਪਸੰਦ ਪ੍ਰੋਗਰਾਮ |
|---|---|---|
| ਮਾਤਾ ਜੀ | | |
| ਪਿਤਾ ਜੀ | | |
| | | |
| | | |
| | | |
| | | |
| | | |

ਘਰ ਦੇ ਸਭ ਤੋਂ ਜ਼ਿਆਦਾ ਮੈਂਬਰਾਂ ਨੂੰ ਜਿਸ ਤਰਾਂ ਦੇ ਪ੍ਰੋਗਰਾਮ ਪਸੰਦ ਹਨ ____________

ਘਰ ਦੇ ਜ਼ਿਆਦਾ ਮੈਂਬਰਾਂ ਨੂੰ ਜਿਸ ਤਰ੍ਹਾਂ ਦੇ ਪ੍ਰੋਗਰਾਮ ਨਾਪਸੰਦ ਹਨ ________

2) ਆਪਣੇ 20 ਦੋਸਤਾਂ ਤੋਂ ਪਤਾ ਕਰੋ ਕਿ ਉਹਨਾਂ ਨੂੰ ਕਿਹੜੇ ਪ੍ਰੋਗਰਾਮ ਪਸੰਦ ਹਨ ਅਤੇ ਕਿਹੜੇ ਪ੍ਰੋਗਰਾਮ ਨਾਪਸੰਦ ਹਨ ਅਤੇ ਸਾਰਣੀ ਵਿੱਚ ਲਿਖੋ।

| ਪ੍ਰੋਗਰਾਮ ਦੀ ਕਿਸਮ | ਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ | ਨਾਪਸੰਦ ਕਰਨ ਵਾਲੇ ਬੱਚਿਆਂ ਦੀ ਗਿਣਤੀ |
|---|---|---|
| ਖ਼ਬਰਾਂ | | |
| ਲੜੀਵਾਰ | | |
| ਕਾਰਟੂਨ | | |
| ਕਮੇਡੀ (ਹਾਸਾ) | | |
| ਖੇਡ | | |

- ਕਿਹੜਾ ਪ੍ਰੋਗਰਾਮ ਸਭ ਤੋਂ ਜ਼ਿਆਦਾ ਬੱਚਿਆਂ ਨੂੰ ਪਸੰਦ ਹੈ ?
- ਕਿਹੜਾ ਪ੍ਰੋਗਰਾਮ ਸਭ ਤੋਂ ਘੱਟ ਬੱਚਿਆਂ ਨੂੰ ਨਾਪਸੰਦ ਹੈ ?
- ਕਿੰਨੇ ਬੱਚਿਆਂ ਨੂੰ ਖੇਡ ਸੰਬੰਧੀ ਪ੍ਰੋਗਰਾਮ ਪਸੰਦ ਹਨ ?
- ਕੀ ਕੋਈ ਅਜਿਹਾ ਪ੍ਰੋਗਰਾਮ ਵੀ ਹੈ ਜਿਸਨੂੰ ਕੋਈ ਪਸੰਦ ਨਹੀਂ ਕਰਦਾ ? ਹਾਂ/ਨਾ ਜੇਕਰ ਹਾਂ ਤਾਂ ਕਿਹੜਾ ?______________.

**ਕੌਣ ਹੈ ਮੇਰਾ ਮਿੱਤਰ ?**

ਇੱਕ ਮੇਰਾ ਦੋਸਤ ਹੈ, ਰਹਿੰਦਾ ਮੇਰੇ ਨਾਲ।
ਸਾਥ ਦਿੰਦਾ ਹਮੇਸ਼ਾ, ਦਿਨ ਹੋਵੇ ਜਾਂ ਰਾਤ।
ਮੈਂ ਭੱਜਾਂ ਤਾਂ ਉਹ ਵੀ ਨਾਲੇ ਭੱਜੇ।
ਕਦੀ ਮੈਂ ਅੱਗੇ ਤੇ ਕਦੀ ਉਹ ਅੱਗੇ।
ਹੁੰਦਾ ਜਦੋਂ ਹਨੇਰਾ, ਉਹ ਦਿੰਦਾ ਨਹੀਂ ਦਿਖਾਈ।
ਕੌਣ ਹੈ ਮੇਰਾ ਦੋਸਤ ਇਹ, ਬੁੱਝੋ ਮੇਰੇ ਭਾਈ।



- ਕਵਿਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

(ੳ) ਕਵਿਤਾ ਵਿੱਚ ਕਿਹੜਾ ਸ਼ਬਦ ਸਭ ਤੋਂ ਜ਼ਿਆਦਾ ਵਾਰ ਆਇਆ ਹੈ ?

(ਅ) ਕਿਹੜੇ ਅੱਖਰ ਦੀ ਵਰਤੋਂ ਸਭ ਤੋਂ ਜ਼ਿਆਦਾ ਹੋਈ ਹੈ ?

(ੲ) ਕਿਹੜਾ ਅੱਖਰ ਸਭ ਤੋਂ ਘੱਟ ਵਾਰ ਆਇਆ ਹੈ ?

- ਆਪਣੀ ਭਾਸ਼ਾ ਦੀ ਕਿਤਾਬ ਵਿਚੋਂ ਆਪਣੀ ਪਸੰਦ ਦਾ ਕੋਈ ਵੀ ਪੈਰਾ ਲਓ। ਉਸਨੂੰ ਧਿਆਨ ਨਾਲ ਪੜ੍ਹੋ ਅਤੇ ਪਤਾ ਕਰੋ :

(ੳ) ਕਿਹੜਾ ਸ਼ਬਦ ਸਭ ਤੋਂ ਜ਼ਿਆਦਾ ਵਾਰ ਦੁਹਰਾਇਆ ਗਿਆ ਹੈ ?________
ਕਿੰਨੀ ਵਾਰ ?________

(ਅ) ਕਿਹੜਾ ਸ਼ਬਦ ਸਭ ਤੋਂ ਘੱਟ ਵਾਰ ਦੁਹਰਾਇਆ ਗਿਆ ਹੈ ?________

(ੲ) ਕਿਹੜਾ ਅੱਖਰ ਸਭ ਤੋਂ ਜ਼ਿਆਦਾ ਵਾਰ ਆਇਆ ਹੈ ?________

(ਸ) ਕਿਹੜਾ ਅੱਖਰ ਸਭ ਤੋਂ ਘੱਟ ਵਾਰ ਆਇਆ ਹੈ ?-- ________

## ਮਨਪਸੰਦ ਖਾਣਾ

ਬੱਚੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਉਹ ਸਵੇਰੇ ਕਿਹੜੀਆਂ ਚੀਜ਼ਾਂ ਖਾਂਦੇ ਹਨ-ਜਿਵੇਂ ਕਿ ਚਾਵਲ, ਕਣਕ, ਜਵਾਰ, ਬਾਜਰਾ ਆਦਿ ਨਾਲ ਬਣੀਆਂ ਚੀਜ਼ਾਂ।



ਆਪਣੀ ਜਮਾਤ ਦੇ ਬੱਚਿਆਂ ਤੋ ਪਤਾ ਕਰੋ ਅਤੇ ਸਾਰਣੀ ਭਰੋ।

| ਮੁੱਖ ਭੋਜਨ | ਆਦਮੀਆਂ ਦੀ ਗਿਣਤੀ |
|---|---|
| ਚਾਵਲ | |
| ਕਣਕ | |
| | |
| | |
| | |
| | |
| | |
| | |


ਉਪਰੋਕਤ ਸਾਰਣੀ ਨੂੰ ਦੇਖੋ ਅਤੇ ਦੱਸੋ-

- ਜ਼ਿਆਦਾਤਰ ਲੋਕ ਕਿਸ ਭੋਜਨ ਨੂੰ ਪਸੰਦ ਕਰਦੇ ਹਨ ? ____________
- ਚਾਵਲ ਖਾਣ ਵਾਲਿਆਂ ਦੀ ਤੁਲਨਾ ਵਿੱਚ ਕਣਕ ਖਾਣ ਵਾਲੇ ਜ਼ਿਆਦਾ /ਘੱਟ/ਬਰਾਬਰ ਹਨ।
- ਕਣਕ ਖਾਣ ਵਾਲੇ ਬੱਚਿਆਂ ਦੀ ਤੁਲਨਾ ਵਿੱਚ ਜਵਾਰ ਜਾਂ ਬਾਜਰਾ ਖਾਣ ਵਾਲੇ ਘੱਟ/ਜ਼ਿਆਦਾ ਹਨ।

## ਨਾਟਕ ਦੀ ਤਿਆਰੀ

ਜਮਾਤ ਦੇ ਸਾਰੇ ਬੱਚੇ ਇੱਕ ਨਾਟਕ ਦੀ ਤਿਆਰੀ ਕਰ ਰਹੇ ਹਨ। ਕੁੱਝ ਬੱਚੇ ਨਾਟਕ ਵਿੱਚ (ਐਕਟਿੰਗ) ਹਿੱਸਾ ਲੈ ਰਹੇ ਹਨ ਅਤੇ ਕੁੱਝ ਨਾਟਕ ਲਈ ਕੱਪੜਿਆਂ ਦਾ ਇੰਤਜ਼ਾਮ ਕਰ ਰਹੇ ਹਨ। ਕੁੱਝ ਨਾਟਕ ਦੇ ਸੈੱਟ ਦੇ ਲਈ ਮੇਜ਼-ਕੁਰਸੀਆਂ ਲਿਆ ਰਹੇ ਹਨ।






(ੳ) ਨਾਟਕ ਵਿੱਚ ਕਿੰਨੇ ਬੱਚੇ ਭਾਗ ਲੈ ਰਹੇ ਹਨ ?


(ਅ) ਕਿਹੜੇ ਬੱਚੇ ਜ਼ਿਆਦਾ ਹਨ-ਸੈੱਟ ਬਣਾਉਣ ਵਾਲੇ ਜਾਂ ਭਾਗ ਲੈਣ ਵਾਲੇ ?

(ੲ) ਕਿਹੜਾ ਕੰਮ ਸਭ ਤੋਂ ਜ਼ਿਆਦਾ ਬੱਚੇ ਕਰ ਰਹੇ ਹਨ ?

(ਸ) ਕਿਹੜੇ ਬੱਚੇ ਕੱਪੜੇ ਇਕੱਠੇ ਕਰ ਰਹੇ ਹਨ ?

## ਕਿਸਦਾ ਸਿਰ ਸਭ ਤੋਂ ਵੱਡਾ ਹੈ ?

ਰੱਦੀ ਕਾਗਜ਼ ਦੀਆਂ ਲੰਬੀਆਂ ਪੱਟੀਆਂ ਕੱਟ ਲਓ।



ਇੱਕ-ਇੱਕ ਪੱਟੀ ਆਪਣੇ ਹਰ ਦੋਸਤ ਨੂੰ ਦੇ ਦਿਓ। ਹੁਣ ਇੱਕ ਪੱਟੀ ਆਪਣੇ ਸਿਰ ਦੇ ਦੁਆਲੇ ਲਪੇਟ ਲਓ ਅਤੇ ਬਾਕੀ ਬਚੀ ਪੱਟੀ ਨੂੰ ਫਾੜ ਦਿਓ। ਇੱਕ ਵੱਡੇ ਕਾਗਜ਼ 'ਤੇ ਇੱਕ ਲਾਈਨ ਵਿੱਚ ਇਹਨਾਂ ਨੂੰ ਚਿਪਕਾ ਦਿਓ।

ਕੁੱਝ ਬੱਚਿਆਂ ਨੇ ਆਪਣੀਆਂ ਪੱਟੀਆਂ ਨੂੰ ਚਿਪਕਾ ਕੇ ਇਸ ਤਰ੍ਹਾਂ ਦਾ ਚਾਰਟ ਬਣਾਇਆ।




- ਤੁਹਾਡਾ ਚਾਰਟ ਵੀ ਕੁੱਝ ਅਜਿਹਾ ਹੀ ਦਿਖਣਾ ਚਾਹੀਦਾ ਹੈ।

ਫੁੱਟੇ ਦੀ ਵਰਤੋਂ ਕਰਕੇ ਆਪਣੇ ਚਾਰਟ ਤੋਂ ਪਤਾ ਕਰੋ ________

ਸਭ ਤੋਂ ਲੰਬੇ ਕਾਗਜ਼ ਦੀ ਪੱਟੀ ਦੀ ਕੁੱਲ ਲੰਬਾਈ ________ ਸਮ ਹੈ।

ਇਸ ਲਈ ਸਭ ਤੋਂ ਵੱਡਾ ਸਿਰ ________ ਦਾ ਹੋਵੇਗਾ।


ਸਭ ਤੋਂ ਛੋਟੀ ਕਾਗਜ਼ ਦੀ ਪੱਟੀ ________ ਸਮ ਹੈ। ਇਹ ਸਿਰ ________ ਦਾ ਹੈ।

**ਚਪਾਤੀ ਚਾਰਟ (ਰੋਟੀ ਚਾਰਟ)**

ਇੱਕ ਸਕੂਲ ਦੇ ਸਾਰੇ ਬੱਚੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਂਦੇ ਹਨ।



ਦਿੱਤਾ ਗਿਆ ਰੋਟੀ ਚਾਰਟ ਵੱਖ-ਵੱਖ ਮੰਡਲੀਆਂ ਵਿੱਚ ਬੱਚਿਆਂ ਦੀ ਗਿਣਤੀ ਦਿਖਾਉਂਦਾ ਹੈ।



ਚਾਰਟ ਤੋਂ ਸਾਨੂੰ ਪਤਾ ਚਲਿਆ ਕਿ

(ੳ) ਜਮਾਤ ਦੇ ਅੱਧੇ ਬੱਚੇ ਖੇਡ ਮੰਡਲੀ ਵਿੱਚ ਭਾਗ ਲੈਂਦੇ ਹਨ।

(ਅ) ਇੱਕ ਚੌਥਾਈ ਬੱਚੇ ਬਾਗ ਬਗੀਚਾ ਮੰਡਲੀ ਦੇ ਮੈਂਬਰ ਹਨ।


(ੲ) ਇੱਕ ਚੌਥਾਈ ਬੱਚੇ ਚਿੱਤਰਕਲਾ ਮੰਡਲੀ ਦੇ ਮੈਂਬਰ ਹਨ।

ਜੇਕਰ ਸਕੂਲ ਵਿੱਚ 200 ਵਿਦਿਆਰਥੀ ਹਨ 'ਤਾਂ ਉੱਪਰ ਚਾਰਟ ਨੂੰ ਦੇਖ ਕੇ ਹਰ ਮੰਡਲੀ ਦੇ ਮੈਂਬਰਾਂ ਦੀ ਗਿਣਤੀ ਦੱਸੋ---

- ਖੇਡ ਮੰਡਲੀ ਵਿੱਚ ______ ਮੈਂਬਰ ਹਨ।
- ਬਾਗ ਬਗੀਚਾ ਮੰਡਲੀ ਵਿੱਚ ______ ਮੈਂਬਰ ਹਨ।
- ਚਿੱਤਰਕਲਾ ਮੰਡਲੀ ਵਿੱਚ _____ ਮੈਂਬਰ ਹਨ।

**ਮੀਂਹ ਵਿੱਚ ਭਿੱਜਣਾ**

ਮੀਂਹ ਵਿੱਚ ਭਿੱਜਣਾ ਕਿਸ ਨੂੰ ਪਸੰਦ ਹੈ ?ਆਪਣੇ ਦੋਸਤਾਂ ਨਾਲ ਗੱਲਬਾਤ ਕਰਕੇ ਇੱਕ ਬੱਚੇ ਨੇ ਹੇਠਾਂ ਦਿੱਤਾ ਗਿਆ।'ਰੋਟੀ ਚਾਰਟ' ਤਿਆਰ ਕੀਤਾ।






ਰੋਟੀ ਚਾਰਟ ਨੂੰ ਦੇਖੋ ਅਤੇ ਦੱਸੋ-

1. ਕਿੰਨੇ ਬੱਚੇ ਮੀਂਹ ਵਿੱਚ ਭਿੱਜਣਾ ਪਸੰਦ ਕਰਦੇ ਹਨ।

(ੳ) ਅੱਧੇ (ਅ) ਇੱਕ ਚੌਥਾਈ (ੲ) ਤਿੰਨ ਚੌਥਾਈ

2. ਕਿੰਨੇ ਬੱਚੇ ਬਾਰਿਸ਼ ਵਿੱਚ ਭਿੱਜਣਾ ਪਸੰਦ ਨਹੀਂ ਕਰਦੇ ?

(ੳ) ਅੱਧੇ (ਅ) ਇੱਕ ਚੌਥਾਈ (ੲ) ਤਿੰਨ ਚੌਥਾਈ

ਜੇਕਰ ਜਮਾਤ ਵਿੱਚ ਬੱਚਿਆਂ ਦੀ ਗਿਣਤੀ 28 ਹੈ ਤਾਂ ਉਹਨਾਂ ਬੱਚਿਆਂ ਦੀ ਗਿਣਤੀ ਦੱਸੋ।

- ਜੋ ਮੀਂਹ ਵਿੱਚ ਭਿੱਜਣਾ ਪਸੰਦ ਕਰਦੇ ਹਨ ________
- ਜੋ ਮੀਂਹ ਵਿੱਚ ਭਿੱਜਣਾ ਪਸੰਦ ਨਹੀਂ ਕਰਦੇ ________

**ਚਾਹ, ਕੌਫ਼ੀ ਜਾਂ ਦੁੱਧ**

ਬੱਚਿਆਂ ਨੂੰ ਪੁੱਛਿਆ ਗਿਆ ਕਿ ਉਹਨਾਂ ਨੂੰ ਸਭ ਤੋਂ ਜ਼ਿਆਦਾ ਕੀ ਪਸੰਦ ਹੈ,-ਚਾਹ, ਕੌਫ਼ੀ, ਦੁੱਧ।

| ਪੀਣਾ ਪਸੰਦ ਹੈ | ਬੱਚਿਆਂ ਦੀ ਗਿਣਤੀ |
|---|---|
| ਦੁੱਧ | 20 |
| ਕੌਫ਼ੀ | 10 |
| ਚਾਹ | 10 |



ਕੁੱਲ ਬੱਚਿਆਂ ਦੀ ਗਿਣਤੀ ______

ਸਾਰਣੀ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਦਿਓ-

- ਦੁੱਧ ਪਸੰਦ ਕਰਨ ਵਾਲੇ ਬੱਚੇ ਕੁੱਲ ਬੱਚਿਆਂ ਦੇ $\frac{1}{2}$ / $\frac{1}{4}$ ਹਨ ?
- ਕੌਫ਼ੀ ਪਸੰਦ ਕਰਨ ਵਾਲੇ ਬੱਚੇ ਕੁੱਲ ਬੱਚਿਆਂ ਦੇ $\frac{1}{2}$ / $\frac{1}{4}$ ਹਨ ?

ਇੱਕ ਰੋਟੀ ਚਾਰਟ ਬਣਾ ਕੇ ਚਾਹ, ਕੌਫ਼ੀ ਅਤੇ ਦੁੱਧ ਪਸੰਦ ਕਰਨ ਵਾਲਿਆਂ ਨੂੰ ਦਿਖਾਓ।